# INTERNATIONAL RESEARCH JOURNAL OF MANAGEMENT SOCIOLOGY & HUMANITIES

IRJMSH

**ISSN 2277 – 9809 (online)**
**ISSN 2348 - 9359 (Print)**

*An Internationally Indexed Peer Reviewed & Refereed Journal*

www.IRJMSH.com
www.isarasolutions.com

Published by iSaRa Solutions

# ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਵਿੱਚ ਨਾਰੀ ਦੀ ਪੇਸ਼ਕਾਰੀ ਅਤੇ ਵਿਚਾਰਧਾਰਾ

**AVLEEN KAUR**
RESEARCH SCHOLARS
PUNJABI DEPARTMENT
PUNJABI UNIVERSITY PATIALA

ਨਾਵਲ ਇਕ ਅਜਿਹੀ ਵੱਡ-ਆਕਾਰੀ ਸਾਹਿਤ ਵਿਧਾ ਹੈ, ਜੋ ਵੱਖ-ਵੱਖ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਮਸਲਿਆਂ ਨੂੰ ਛੂੰਹਦਾ ਹੈ। ਪੰਜਾਬੀ ਨਾਵਲ ਦੀ ਇਹ ਖ਼ਾਸੀਅਤ ਹੈ ਕਿ ਜਿੱਥੇ ਇਹ ਸਮਾਜ ਵਿਚਲੀ ਮੋਜੂਦਾ ਸਥਿਤੀ, ਨੈਤਿਕ ਮੁੱਲਾਂ ਵਿੱਚ ਆ ਰਹੀ ਗਿਰਾਵਟ, ਰਿਸ਼ਤਿਆਂ ਵਿੱਚ ਦਿਨੋ-ਦਿਨ ਵੱਧ ਰਹੇ ਤਣਾਅ, ਆਰਥਿਕ ਸੰਕਟ, ਨਵੇਂ ਉੱਭਰਦੇ ਰਾਜਨੀਤਿਕ ਮਸਲਿਆਂ ਨੂੰ ਆਪਣੇ ਘੇਰੇ ਵਿੱਚ ਲੈਂਦਾ ਹੈ, ਉੱਥੇ ਹੀ ਔਰਤ ਦੀ ਸਰੀਰਕ-ਮਾਨਸਿਕ ਤ੍ਰਾਸਦੀ, ਮੋਜੂਦਾ ਨਾਰੀ-ਪੁਰਸ਼ ਸੰਬੰਧ, ਨਾਰੀ ਪ੍ਰਤੀ ਸਮਾਜਿਕ ਨਜ਼ਰੀਆ, ਨਾਰੀ ਦੇ ਅਸਤਿਤਵ ਦੀ ਜਟਿਲ ਸਥਿਤੀ, ਮੋਜੂਦਾ ਸਮੇਂ ਨਾਰੀ ਦੀ ਆਪਣੇ ਹੱਕਾਂ ਲਈ ਜਾਗਰੂਕਤਾ ਆਦਿ ਪੱਖਾਂ ਨੂੰ ਸਾਹਮਣੇ ਲੈ ਕੇ ਆਉਂਦਾ ਹੈ। ਪੰਜਾਬੀ ਨਾਵਲ ਦੀ ਗੱਲ ਕਰਦਿਆਂ ਨਾਵਲਕਾਰ ਗੁਰਦਿਆਲ ਸਿੰਘ ਦਾ ਨਾਂ ਚੋਣਵੇਂ ਪੰਜਾਬੀ ਨਾਵਲਕਾਰਾਂ ਵਿੱਚ ਲਿਆ ਜਾਂਦਾ ਹੈ। ਗੁਰਦਿਆਲ ਸਿੰਘ ਨੇ ਪੰਜਾਬੀ ਸਾਹਿਤ ਜਗਤ ਨੂੰ ਨੌ ਨਾਵਲ ਦਿੱਤੇ ਹਨ। ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਨੂੰ ਹੱਥਲੇ ਖੋਜ-ਪਰਚੇ ਦਾ ਆਧਾਰ ਬਣਾਇਆ ਗਿਆ ਹੈ। ਕਿਸੇ ਵੀ ਨਾਵਲ ਦੀ ਸਮੁੱਚਤਾ ਕੇਵਲ ਉਸਦੇ ਕੇਂਦਰੀ ਪਾਤਰ ਤੱਕ ਸੀਮਿਤ ਨਹੀਂ ਹੁੰਦੀ। ਕੇਂਦਰੀ ਪਾਤਰ ਤੇ ਉਸ ਦੀ ਸਥਿਤੀ ਨਾਵਲ ਦੇ ਬਾਕੀ ਪਾਤਰਾਂ ਨਾਲ ਉਸ ਦੇ ਅੰਤਰ-ਸੰਬੰਧਾਂ ਵਿੱਚ ਨਿਹਿਤ ਹੁੰਦੀ ਹੈ। ਨਾਵਲ ਵਿਚਲੀਆਂ ਛੋਟੀਆਂ-ਛੋਟੀਆਂ ਘਟਨਾਵਾਂ ਮਿਲ ਕੇ ਹੀ ਇਸ ਨੂੰ ਸੰਪੂਰਨ ਤੇ ਸੰਗਠਿਤ ਰੂਪ ਦਿੰਦੀਆਂ ਹਨ। ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਇਸ ਗੱਲ ਨੂੰ ਖ਼ਾਸ ਤੌਰ 'ਤੇ ਧਿਆਨ ਵਿੱਚ ਰੱਖਣ ਦੀ ਲੋੜ ਹੈ। ਉਸ ਦੇ ਸਾਰੇ ਪਾਤਰ ਘੱਟ-ਵੱਧ ਮਾਤਰਾ ਵਿੱਚ ਕੇਂਦਰੀ ਪਾਤਰ ਦੀ ਸਥਿਤੀ ਦੇ ਦੁਖਾਂਤ ਦੇ ਵਿਭਿੰਨ ਪਾਸਾਰਾਂ ਨੂੰ ਉਜਾਗਰ ਕਰਨ ਵਾਲੇ ਹੁੰਦੇ ਹਨ। ਗੁਰਦਿਆਲ ਸਿੰਘ ਦੇ ਨਾਵਲਾਂ ਦੀ ਆਲੋਚਨਾ ਵਧੇਰੇ ਕਰਕੇ ਕੇਂਦਰੀ ਪਾਤਰਾਂ ਦੇ ਸੁਭਾਅ ਤੱਕ ਸੀਮਿਤ ਰਹਿ ਗਈ ਹੋਣ ਕਰਕੇ ਅਸੀਂ ਉਸ ਦੇ ਨਾਵਲਾਂ ਦੀ ਵਿਲੱਖਣਤਾ ਨੂੰ ਪੂਰੀ ਤਰ੍ਹਾਂ ਪਛਾਣ ਨਹੀਂ ਸਕੇ। ਆਲੋਚਕ ਜੇਕਰ ਨਾਰੀ ਪਾਤਰਾਂ ਦੀ ਗੱਲ ਕਰਦੇ ਵੀ ਹਨ ਤਾਂ ਕੇਂਦਰੀ ਪੁਰਸ਼ ਪਾਤਰ ਜਾਂ ਨਾਇਕ ਧਿਰ ਦੇ ਸੰਦਰਭ ਵਿੱਚ ਕਰਦੇ ਹਨ। ਅਸੀਂ ਇਸ ਖੋਜ-ਪਰਚੇ ਲਈ ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਨੂੰ ਆਧਾਰ ਬਣਾਇਆ ਹੈ। ਇਸ ਨਾਵਲ ਵਿੱਚ ਪੇਸ਼ ਨਾਰੀ ਪਾਤਰਾਂ ਦੀ ਘਾੜਤ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਨਾਵਲ ਸੰਬੰਧੀ ਹੋਏ ਪੂਰਵ ਆਲੋਚਨਾ ਕਾਰਜ ਨੂੰ ਦੇਖਣਾ ਬੇਹੱਦ ਜ਼ਰੂਰੀ ਬਣ ਜਾਂਦਾ ਹੈ ਕਿ ਕੀ ਆਲੋਚਕਾਂ ਦੁਆਰਾ ਨਾਰੀ ਦੀ ਪੇਸ਼ਕਾਰੀ ਜਾਂ ਪਾਤਰ-ਉਸਾਰੀ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ? ਜੇ ਬਣਾਇਆ

ਗਿਆ ਹੈ ਤਾਂ ਕਿਸ ਨੁਕਤਾ-ਨਜ਼ਰ ਤੋਂ ਬਣਾਇਆ ਗਿਆ ਹੈ। ਜਿਵੇਂ ਜੋਗਿੰਦਰ ਸਿੰਘ ਰਾਹੀਂ ਆਪਣੇ ਲੇਖ 'ਗੁਰਦਿਆਲ ਸਿੰਘ ਦਾ ਗਲਪ-ਸ਼ਾਸਤਰ' ਵਿੱਚ 'ਅਣਹੋਏ' ਨਾਵਲ ਦੀ ਗੱਲ ਕਰਦੇ ਹੋਏ ਕਿਤੇ ਵੀ ਸੁਤੰਤਰ ਰੂਪ ਵਿੱਚ ਨਾਰੀ ਪਾਤਰਾਂ ਦੀ ਗੱਲ ਨਹੀਂ ਤੋਰਦਾ, ਬਸ ਦੋ ਸਤਰਾਂ ਵਿੱਚ ਇਸ ਤਰ੍ਹਾਂ ਗੱਲ ਨੂੰ ਸਮੇਟ ਦਿੰਦਾ ਹੈ;

> "ਅਣਹੋਏ ਵਿੱਚ ਨਾਇਕ ਧਿਰ ਦੇ ਸਾਰੇ ਪਾਤਰ ਚੇਤਨਾ ਦੇ ਇਤਿਹਾਸਿਕ-ਸਾਂਸਕ੍ਰਿਤਿਕ ਸੰਕਟ ਕਾਰਣ ਕਿਸੇ ਇੱਕ ਜਾਂ ਦੂਜੀ ਭ੍ਰਾਂਤੀ ਦਾ ਦੁਖਾਂਤ ਭੋਗਦੇ ਹਨ।"[1]

'ਗੁਰਦਿਆਲ ਸਿੰਘ ਦੇ ਅਣਹੋਏ ਪਾਤਰ' ਪੁਸਤਕ ਵਿੱਚ ਅਤੈ ਸਿੰਘ ਗੁਰਦਿਆਲ ਸਿੰਘ ਦੇ ਅਣਹੋਏ ਨਾਵਲ ਵਿਚਲੇ ਨਾਰੀ ਪਾਤਰਾਂ ਦੀ ਗੱਲ ਕਰਦੇ ਹੋਏ ਇਸ ਨਾਵਲ ਵਿਚਲੇ ਪਾਤਰਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਲੈਂਦਾ ਹੈ- ਇੱਕ ਜ਼ਹਿਰ ਚੂਸਣ ਵਾਲੀਆਂ ਜਿਵੇਂ ਦਿਆਕੁਰ, ਸੰਤੂ ਦੀ ਬਹੂ, ਕਾਨ੍ਹੀਏਂ ਦੀ ਤੀਵੀਂ ਅਤੇ ਦੂਜੀਆਂ ਸਿਰਫ਼ ਡੰਗ ਮਾਰਨ ਵਾਲੀਆਂ ਜਿਵੇਂ ਕਰਤਾਰੀ, ਸੰਤੀ ਬਾਹਮਣੀ, ਹੇਤੀਏ ਦੀ ਦੂਸਰੀ ਤੀਵੀਂ। ਆਲੋਚਕ ਇਨ੍ਹਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਤਾਂ ਲੈਂਦਾ ਹੈ ਪਰ ਇਸ ਵੰਡ ਦੇ ਵਿਸਥਾਰ ਵਿੱਚ ਨਹੀਂ ਜਾਂਦਾ। ਉਹ ਸਿਰਫ਼ ਦਿਆਕੁਰ ਦੇ ਪਾਤਰ ਬਾਰੇ ਉਹ ਲਿਖਦਾ ਹੈ ਕਿ;

> ਦਿਆਕੁਰ ਦੀ ਚਰਿਤਰ-ਉਸਾਰੀ ਤਾਂ ਨਾਵਲਕਾਰ ਨੇ ਡਾਢੀ ਕੀਤੀ ਹੈ। ਉਹ 'ਔਰਤ' ਹੈ, ਮਨੁੱਖਤਾ ਦੀ 'ਅੰਮਾ' ਹੈ ਅਤੇ ਆਪਣੇ ਮਰਦ ਦੀ 'ਤੀਵੀਂ' ਹੈ। ਉਂਜ ਤਾਂ ਅਜਿਹੇ ਕਿਰਦਾਰ ਕਿਸੇ ਦੇਸ਼-ਕਾਲ ਦੀ ਸੀਮਾ ਵਿੱਚ ਨਹੀਂ ਬੱਝ ਸਕਦੇ, ਫਿਰ ਵੀ ਉਸਨੂੰ 'ਭਾਰਤੀ ਔਰਤ' ਅਤੇ ਫਿਰ 'ਪੰਜਾਬਣ' ਕਹਿਣ ਨਾਲ ਵੀ, ਉਸਦਾ ਮਾਣ ਘਟਦਾ ਨਹੀਂ ਸਗੋਂ ਨਿੱਖਰਦਾ ਹੈ। ਉਹ ਇੱਕੋ ਵੇਲੇ ਇੱਕ ਔਰਤ ਦਾ ਕਿਰਦਾਰ ਵੀ ਨਿਭਾ ਰਹੀ ਹੈ ਅਤੇ ਬਿਸ਼ਨੇ ਦੀ ਗੈਰ-ਹਾਜ਼ਰੀ ਵਿੱਚ ਇਕ ਤਰ੍ਹਾਂ ਬਿਸ਼ਨੇ ਦੇ ਹੀ ਰੂਪ ਨੂੰ ਸਾਕਾਰ ਕਰਦੀ ਹੈ। ਬਿਸ਼ਨੇ ਨੂੰ ਉਸ ਤੋਂ ਵੱਧ ਕੋਈ ਨਹੀਂ ਸਮਝਦਾ। ਉਹ ਬਿਸ਼ਨੇ ਦੀ ਸੁਰ ਪਛਾਣਦੀ ਹੈ ਅਤੇ ਝੱਟ ਉਸਦੀ ਸੁਰ ਵਿੱਚ ਸੁਰ ਰਲਾਉਂਦੀ ਹੈ। ਸ਼ਾਇਦ ਏਸੇ ਕਰਕੇ ਬਿਸ਼ਨਾ ਏਨਾ ਕੱਬਾ ਹੁੰਦਾ ਵੀ ਉਸ ਨਾਲ ਕਦੇ ਲੜਿਆ ਨਹੀਂ। ਬਿਸ਼ਨੇ ਨੂੰ ਲਗਦੀ ਵਾਹ ਉਹ ਉਦਾਸ ਨਹੀਂ ਹੋਣ ਦੇਂਦੀ।[2]

ਅਤੈ ਸਿੰਘ ਦੀਆਂ ਦਿਆਕੁਰ ਦੇ ਪਾਤਰ ਬਾਰੇ ਉਪਰੋਕਤ ਸਤਰਾਂ ਉਸ ਨੂੰ ਨਿਰੋਲ ਇੱਕ ਨਾਰੀ ਪਾਤਰ ਦੇ ਰੂਪ ਵਿੱਚ ਤਸੱਵਰ ਕਰਦੀਆਂ ਘੱਟ ਸਗੋਂ ਬਿਸ਼ਨੇ (ਪੁਰਸ਼) ਦੇ ਸੰਦਰਭ ਵਿੱਚ ਇੱਕ ਸਹਾਇਕ ਕਿਰਦਾਰ ਵਜੋਂ ਪੇਸ਼ ਕਰਦੀਆਂ ਵੱਧ ਜਾਪਦੀਆਂ ਹਨ। ਜਿਸ ਤਰ੍ਹਾਂ ਗੁਰਦਿਆਲ ਸਿੰਘ ਦੁਆਰਾ ਦਿਆਕੁਰ ਨੂੰ ਬਿਸ਼ਨੇ ਦੀ ਪੂਰਕ ਜਾਂ ਉਸ ਦੀ ਸੁਰ ਵਿੱਚ ਬੋਲਣ ਵਾਲੀ ਪਾਤਰ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਅਤੈ ਸਿੰਘ ਵੀ ਦਿਆਕੁਰ ਦੇ ਪਾਤਰ ਨੂੰ ਉਸੇ ਨਜ਼ਰੀਏ ਤੋਂ ਦੇਖਦਾ ਨਜ਼ਰ ਆਉਂਦਾ ਹੈ।

---

[1] ਜੋਗਿੰਦਰ ਸਿੰਘ ਰਾਹੀ, "ਗੁਰਦਿਆਲ ਸਿੰਘ ਦਾ ਗਲਪ-ਸ਼ਾਸਤਰ", *ਗਲਪਕਾਰ ਗੁਰਦਿਆਲ ਸਿੰਘ,* ਟੀ. ਆਰ. ਵਿਨੋਦ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2000, ਪੰਨਾ- 118.

[2] ਅਤੈ ਸਿੰਘ, *ਗੁਰਦਿਆਲ ਸਿੰਘ ਦੇ ਅਣਹੋਏ ਪਾਤਰ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980, ਪੰਨਾ 53.

ਉਹ ਦਿਆਕੁਰ ਦੇ ਪਾਤਰ ਨੂੰ ਮਹਿਜ਼ 'ਔਰਤ' ਦੇ ਰੂਪ ਵਿੱਚ ਵਾਚਣ ਦੀ ਬਜਾਏ 'ਆਪਣੇ ਮਰਦ ਦੀ ਤੀਵੀਂ' ਦੇ ਰੂਪ ਵਿੱਚ ਵਾਚਣ ਪ੍ਰਤੀ ਵੱਧ ਰੁਚਿਤ ਹੈ। ਜੋ ਉਸ ਦੀਆਂ ਉਪਰੋਕਤ ਸਤਰਾਂ ਤੋਂ ਸਪੱਸ਼ਟ ਹੋ ਜਾਂਦਾ ਹੈ।

ਡਾ. ਅਤਰ ਸਿੰਘ ਆਪਣੇ ਇੱਕ ਲੇਖ ਵਿੱਚ ਸਿਰਫ਼ ਇੱਕ ਥਾਂ 'ਤੇ ਬਿਸ਼ਨੇ ਦੇ ਨਾਲ ਦਿਆਕੁਰ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ,

> 'ਬਿਸ਼ਨਾ' ਤੇ 'ਦਿਆ ਕੌਰ' ਜੋ ਇਸ ਨਾਵਲ ਦੇ ਮੁਖ 'ਅਣਹੋਏ' ਹਨ, ਜਗਸੀਰ ਵਾਂਗ ਸਾਡੀ ਕਰੁਣਾ, ਸਾਡੀ ਸਹਾਨੁਭੂਤੀ ਨੂੰ ਉਤੇਜਿਤ ਨਹੀਂ ਕਰਦੇ, ਸਗੋਂ ਸਾਡੇ ਸਨਮੁਖ ਮਨੁੱਖੀ ਚਰਿਤ੍ਰ ਦੇ ਇੱਕ ਨਵੀਨ ਅਧਿਐਨ ਦਾ ਸ੍ਵਰੂਪ ਧਾਰਨ ਕਰ ਕੇ ਆਉਂਦੇ ਹਨ।[3]

ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜੇ ਹੋਣ ਕਾਰਨ ਕਿਸ਼ਨ ਸਿੰਘ ਦੁਆਰਾ ਅਣਹੋਏ ਨਾਵਲ ਨੂੰ ਸਿਰਫ਼ ਉਸੇ ਦ੍ਰਿਸ਼ਟੀ ਨਾਲ ਦੇਖਿਆ ਗਿਆ ਹੈ। ਕਿਸ਼ਨ ਸਿੰਘ ਦੀ ਸਾਰੀ ਆਲੋਚਨਾ ਵਿੱਚ ਦਿਆਕੁਰ ਦੇ ਨਾਰੀ ਪਾਤਰ ਦੀ ਕਿਤੇ ਕੋਈ ਗੱਲ ਨਹੀਂ ਕੀਤੀ ਗਈ। ਆਲੋਚਕ ਦਾ ਧਿਆਨ ਸਿਰਫ਼ ਬਿਸ਼ਨਾ ਕਿਸ ਰਾਹ ਦਾ ਪਾਂਧੀ ਹੈ? ਬਿਸ਼ਨੇ ਦੀ ਸ਼ਖਸੀਅਤ ਦੇ ਵਿਕਾਸ, ਕਾਬਜ਼ ਧਿਰ ਅਤੇ ਲਿਤਾੜੀ ਜਾਣ ਵਾਲੀ ਧਿਰ 'ਤੇ ਕੇਂਦਰਿਤ ਹੈ। ਇਸੇ ਤਰ੍ਹਾਂ ਟੀ. ਆਰ. ਵਿਨੋਦ ਆਪਣੀ ਪੁਸਤਕ ਵਿੱਚ ਅਣਹੋਏ ਨਾਵਲ ਬਾਰੇ ਚਰਚਾ ਕਰਦੇ ਹੋਏ ਅਖ਼ੀਰ 'ਤੇ ਸਿਰਫ਼ ਇੱਕ ਜਗ੍ਹਾ ਲਿਖਦੇ ਹਨ ਕਿ;

> ਨਾਵਲ ਵਿੱਚ ਕੁਝ ਪਾਤਰ ਅਜਿਹੇ ਹਨ ਜਿਹੜੇ ਬਿਸ਼ਨੇ ਦੀ ਪ੍ਰਸੰਸਾ ਖਟਦੇ ਹਨ। ਦਇਆ ਕੌਰ (ਬਿਸ਼ਨੇ ਦੀ ਘਰ ਵਾਲੀ) ਵਿੱਚ ਬਿਸ਼ਨੇ ਜਿਤਨਾ ਹੀ ਹੌਸਲਾ, ਗੜ੍ਹਕਾ ਅਤੇ ਹਮਦਰਦੀ ਹੈ। ਉਹ ਸਾਰੀ ਉਮਰ ਬਿਸ਼ਨੇ ਨਾਲ ਕਦਮ ਮਿਲਾ ਕੇ ਤੁਰਦੀ ਹੈ, ਪਰ ਬਿਸ਼ਨੇ ਦੀ ਆਤਮਾ ਜਿੰਨਾ ਪੀਡਾਪਣ ਉਸ ਵਿੱਚ ਨਹੀਂ। ਦੁੱਖ ਦੀਆਂ ਮੁੜ-ਮੁੜ ਪੈਂਦੀਆਂ ਸੱਟਾਂ ਸਹਾਰਦੀ ਉਹ ਮਾਨਸਿਕ ਤੋਲ ਡੁਲਾ ਬਹਿੰਦੀ ਹੈ।[4]

ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਬਾਰੇ ਵੱਖ-ਵੱਖ ਚਿੰਤਕਾਂ ਦੀਆਂ ਆਲੋਚਨਾ ਕਿਰਤਾਂ ਦਾ ਅਧਿਐਨ ਕਰਕੇ ਇਹੀ ਸਾਹਮਣੇ ਆਉਂਦਾ ਹੈ ਕਿ ਨਾਵਲ ਵਿਚਲੇ ਨਾਰੀ ਪਾਤਰਾਂ ਬਾਰੇ ਕੋਈ ਵਿਸ਼ੇਸ਼ ਟਿੱਪਣੀ ਜਾਂ ਚਰਚਾ ਸਾਹਮਣੇ ਨਹੀਂ ਆਉਂਦੀ। ਇੰਨ੍ਹਾਂ ਵਿੱਚ ਨਾਰੀ (ਦਿਆਕੁਰ) ਨੂੰ ਵਿਅਕਤੀਗਤ ਰੂਪ ਵਿੱਚ ਦੇਖਣ ਦੀ ਬਜਾਏ ਮਹਿਜ਼ ਮੁੱਖ ਪੁਰਸ਼ ਪਾਤਰ ਬਿਸ਼ਨੇ ਦੀ ਘਰਵਾਲੀ ਦੇ ਰੂਪ ਵਿੱਚ ਦੇਖਣ ਦਾ ਯਤਨ ਕੀਤਾ ਗਿਆ ਹੈ। ਜਿਸ ਦੀ ਉਦਾਹਰਨ ਅਸੀਂ ਉਪਰੋਕਤ ਹਵਾਲੇ ਵਿੱਚ ਵੀ ਦੇਖ ਸਕਦੇ ਹਾਂ ਜਿਸ ਵਿੱਚ ਡਾ. ਵਿਨੋਦ ਦੁਆਰਾ ਦਇਆ ਕੌਰ ਦੇ ਪਾਤਰ ਨੂੰ ਪਾਠਕਾਂ ਸਾਹਮਣੇ ਉਸ ਦੇ ਨਾਂ ਦੇ ਨਾਲ-ਨਾਲ

---

[3] ਡਾ. ਅਤਰ ਸਿੰਘ, "ਗੁਰਦਿਆਲ ਸਿੰਘ ਦਾ ਨਾਵਲ: ਅਣਹੋਏ", *ਗੁਰਦਿਆਲ ਸਿੰਘ ਦਾ ਨਾਵਲ: ਅਣਹੋਏ ਇਕ ਵਿਸ਼ਲੇਸ਼ਣ*, ਟੀ. ਆਰ. ਵਿਨੋਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980, ਪੰਨਾ- 18.

[4] ਟੀ. ਆਰ. ਵਿਨੋਦ, *ਗਲਪਕਾਰ ਗੁਰਦਿਆਲ ਸਿੰਘ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2000, ਪੰਨਾ-74.

ਬਿਸ਼ਨੇ ਦੀ ਘਰ ਵਾਲੀ ਲਿਖ ਕੇ ਜਾਣੂ ਕਰਵਾਇਆ ਗਿਆ ਹੈ। ਉਸ ਦੇ ਹੌਂਸਲੇ ਤੇ ਦਲੇਰੀ ਨੂੰ ਬਿਸ਼ਨੇ ਦੇ ਸੰਦਰਭ ਵਿੱਚ ਦੱਸਿਆ ਗਿਆ ਹੈ, ਪਰ ਇਹ ਕਾਫ਼ੀ ਨਹੀਂ। ਇਸ ਮਸਲੇ 'ਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ ਕਿ ਇੱਕ ਲੇਖਕ ਅਤੇ ਉਹ ਵੀ ਪੁਰਸ਼ ਲੇਖਕ, ਨਾਰੀ ਨੂੰ ਪੇਸ਼ ਕਰਨ ਪੱਖੋਂ ਕਿਵੇਂ ਗੌਲ਼ਣਯੋਗ ਹੈ? ਉਸ ਦੁਆਰਾ ਕੀਤੀ ਜਾ ਰਹੀ ਪੇਸ਼ਕਾਰੀ 'ਚ ਕੀ ਖ਼ਾਸ ਹੈ? ਕਿ ਨਾਰੀ ਦੇ ਕਿਰਦਾਰ ਦੀ ਪ੍ਰਮਾਣਿਕ ਪੇਸ਼ਕਾਰੀ ਕੀਤੀ ਗਈ ਹੈ? ਕੀ ਨਾਰੀ ਮਨ ਦੀ ਪੇਸ਼ਕਾਰੀ ਹੋਈ ਹੈ? ਨਾਵਲ ਦੇ ਕਲਾਤਮਕ ਢਾਂਚੇ ਵਿੱਚ ਇਹ ਪੇਸ਼ਕਾਰੀ ਕਿਸ ਕਿਸਮ ਦੀ ਹੈ? ਨਾਰੀ ਦੀ ਹੋਂਦ ਨਾਲ ਨਾਵਲ ਦੀ ਧੁਨੀ ਨੂੰ ਕਿਵੇਂ ਅਹਿਮ ਬਣਾਇਆ ਜਾਂਦਾ ਹੈ? ਇਸ ਖੋਜ-ਪਰਚੇ ਦੇ ਅੰਤਰਗਤ ਸਾਡੀ ਇਹ ਖੋਜਣ ਦੀ ਕੋਸ਼ਿਸ਼ ਵੀ ਰਹੇਗੀ ਕਿ ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਵਿੱਚ ਨਾਰੀ ਦੀ ਹੋਂਦ ਦੇ ਪਾਸਾਰ ਕੀ ਹਨ? ਨਾਵਲ ਵਿੱਚ ਕੇਵਲ ਪੁਰਸ਼ ਹੀ ਵਿਚਾਰਧਾਰਕ ਪਹੁੰਚ ਰੱਖਦਾ ਹੈ ਜਾਂ ਔਰਤ ਦੀ ਆਪਣੀ ਕੋਈ ਵਿਚਾਰਧਾਰਕ ਪਹੁੰਚ ਵੀ ਜ਼ਾਹਿਰ ਹੁੰਦੀ ਹੈ ਜਾਂ ਨਹੀਂ। ਜੇਕਰ ਉਸਦੀ ਆਪਣੀ ਕੋਈ ਵਿਚਾਰਧਾਰਕ ਪਹੁੰਚ ਹੈ ਵੀ ਤਾਂ ਕੀ ਉਹ ਉਸ ਉੱਤੇ ਕਾਇਮ ਵੀ ਰਹਿ ਪਾਉਂਦੀ ਹੈ ਜਾਂ ਹਾਲਾਤਾਂ ਨਾਲ ਸਮਝੌਤੇ ਕਰ ਲੈਂਦੀ ਦਿਖਾਈ ਦਿੰਦੀ ਹੈ?

'ਅਣਹੋਏ' ਗੁਰਦਿਆਲ ਸਿੰਘ ਦਾ ਦੂਸਰਾ ਬਹੁਚਰਚਿਤ ਨਾਵਲ ਹੈ। ਇਸ ਨਾਵਲ ਵਿੱਚ ਨਾਵਲਕਾਰ ਸਾਨੂੰ ਉਨ੍ਹਾਂ ਅਣਹੋਏ ਮਨੁੱਖਾਂ ਨਾਲ ਜਾਣੂ ਕਰਵਾਉਂਦਾ ਹੈ ਜੋ ਮਹਾਜਨੀ ਅਰਥਚਾਰੇ ਦੀ ਚਾਲ ਦੇ ਸਿੱਟਿਆਂ ਵਜੋਂ ਪੈਦਾ ਹੋਏ ਦੁਖਾਂਤ ਵਿੱਚ ਫ਼ਸੇ ਹੋਏ ਹਨ। ਇਹ ਪਾਤਰ ਮਹਾਜਨੀ ਅਰਥਚਾਰੇ ਦੀ ਚਾਲ ਵਿਰੁੱਧ ਵਿਦਰੋਹ ਕਰਦੇ ਹਨ, ਪਰ ਸਫ਼ਲ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਦਾ ਵਿਦਰੋਹ ਸ਼੍ਰੇਣੀਗਤ ਨਾ ਹੋ ਕੇ ਵਿਅਕਤੀਗਤ ਵਿਦਰੋਹ ਹੈ। ਇਸ ਲਈ ਇਹ ਵਿਦਰੋਹ ਕੋਈ ਇਤਿਹਾਸਿਕ ਕਾਰਜ ਦਾ ਰੂਪ ਨਾ ਲੈ ਕੇ ਮਹਿਜ਼ ਦੁਖਾਂਤ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹੈ। ਨਾਵਲ ਵਿੱਚ ਮੁੱਖ ਰੂਪ ਵਿੱਚ ਦੋ ਨਾਰੀ ਪਾਤਰ ਕਾਰਜਸ਼ੀਲ ਰਹਿੰਦੇ ਹਨ, ਦਿਆਕੁਰ ਅਤੇ ਕਰਤਾਰੀ ਜੋ ਰਿਸ਼ਤੇ ਵਜੋਂ ਜੇਠਾਣੀ-ਦਰਾਣੀ ਹਨ। ਹੋਰ ਨਾਰੀ ਪਾਤਰ ਵੀ ਨਾਵਲ ਵਿੱਚ ਮੌਜੂਦ ਹਨ ਜਿਵੇਂ; ਸੰਤੀ ਬਾਹਮਣੀ, ਸੰਤੂ ਦੀ ਬਹੂ, ਕਾਨ੍ਹੀਏਂ ਦੀ ਤੀਵੀਂ ਅਤੇ ਹੇਤੀਏ ਦੀ ਦੂਸਰੀ ਤੀਵੀਂ ਪਰ ਇਹ ਗੌਣ ਨਾਰੀ ਪਾਤਰ ਹਨ। ਜੋ ਨਾਵਲ ਵਿੱਚ ਕਿਤੇ-ਕਿਤੇ ਆ ਕੇ ਆਪਣੀ ਭੂਮਿਕਾ ਨਿਭਾਉਂਦੇ ਹਨ। ਦਿਆਕੁਰ ਨਾਵਲ ਦੇ ਮੁੱਖ ਪਾਤਰ ਬਿਸ਼ਨੇ ਦੀ ਪਤਨੀ ਹੈ ਤੇ ਕਰਤਾਰੀ ਬਿਸ਼ਨੇ ਦੇ ਛੋਟੇ ਭਰਾ ਭਗਤੇ ਦੀ ਪਤਨੀ ਹੈ। ਦਿਆਕੁਰ ਨੂੰ ਨਾਵਲਕਾਰ ਦੁਆਰਾ ਬਿਸ਼ਨੇ ਦੇ ਹੀ ਪ੍ਰਤੀਰੂਪ ਪਾਤਰ ਵਜੋਂ ਪੇਸ਼ ਕੀਤਾ ਗਿਆ ਹੈ। ਨਾਵਲ ਵਿੱਚ ਬਿਸ਼ਨੇ ਦੇ ਜੇਲ੍ਹ ਜਾਣ ਤੋਂ ਪਿੱਛੋਂ ਕਹਾਣੀ ਦਿਆਕੁਰ 'ਤੇ ਹੀ ਕੇਂਦਰਿਤ ਰਹਿੰਦੀ ਹੈ। ਗੁਰਦਿਆਲ ਸਿੰਘ ਅਨਪੜ੍ਹ ਨਾਰੀ ਦਿਆਕੁਰ ਨੂੰ ਦਲੇਰ ਅਤੇ ਸਮਾਜ ਨਾਲ ਟੱਕਰ ਲੈਣ ਵਾਲੀ ਧਿਰ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਨਾਵਲ ਵਿਚਲੀਆਂ ਕਈ ਘਟਨਾਵਾਂ ਤੋਂ ਬਿਸ਼ਨਾ ਅਤੇ ਦਿਆਕੁਰ ਇੱਕ-ਦੂਸਰੇ ਦੇ ਪੂਰਕ ਵਜੋਂ ਸਾਹਮਣੇ ਆਉਂਦੇ ਹਨ। ਨਾਵਲ ਵਿੱਚ ਬਹੁਤੀਆਂ ਥਾਂਵਾਂ 'ਤੇ ਉਨ੍ਹਾਂ ਦੋਵਾਂ ਦਾ ਇਕੱਠਾ ਨਾਮ ਆਉਣਾ ਵੀ ਉਨ੍ਹਾਂ ਦੀ ਪੂਰਕਤਾ ਦੇ ਪ੍ਰਤੀਕ ਵਜੋਂ ਸਾਹਮਣੇ ਆਉਂਦਾ ਹੈ। ਨਾਵਲਕਾਰ ਦੁਆਰਾ ਸੰਘਰਸ਼ ਦੇ ਰਾਹ 'ਤੇ ਬਿਸ਼ਨੇ ਅਤੇ ਦਿਆਕੁਰ ਨੂੰ ਭਾਵੇਂ ਇਕ ਦਿਖਾਇਆ ਗਿਆ ਹੈ ਪਰ ਨਿੱਜੀ ਜ਼ਿੰਦਗੀ ਵਿੱਚ ਪਤੀ (ਪੁਰਸ਼) ਦੀ ਪਤਨੀ (ਨਾਰੀ) ਪ੍ਰਤੀ ਬੇਧਿਆਨੀ, ਗੱਲ ਸੁਣੀ-ਅਣਸੁਣੀ ਕਰ ਦੇਣਾ ਜਾਂ ਕੋਈ ਜੁਆਬ ਨਾ ਦੇਣਾ ਆਦਿ ਪੁਰਸ਼ ਪ੍ਰਧਾਨਤਾ ਦੇ ਲੱਛਣ ਨਾਵਲ ਵਿੱਚ ਬਹੁਤ ਜ਼ਿਆਦਾ

ਥਾਵਾਂ 'ਤੇ ਦੇਖੇ ਜਾ ਸਕਦੇ ਹਨ। ਨਾਵਲਕਾਰ ਨੇ ਬਿਸ਼ਨੇ ਦੁਆਰਾ ਦਿਆਕੁਰ ਨੂੰ ਤੀਵੀਂ ਸਮਝ ਕੇ ਉਸ ਦੀ ਗੱਲ ਆਈ-ਗਈ ਕਰ ਛੱਡਦੇ ਵੀ ਦਿਖਾਇਆ ਹੈ, ਜਿਵੇਂ ਕਿ;

> "ਬਿਸ਼ਨੇ ਨੇ ਕੁੜੱਤਣ ਨਾਲ ਮੂੰਹ ਵੱਟਿਆ ਤੇ ਦਿਆਕੁਰ ਵੱਲੋਂ ਬੇਧਿਆਨ ਹੋ ਕੇ ਪੋਰੇ ਨੂੰ ਏਧਰ-ਓਧਰ ਉਲੱਦਣ ਲਗ ਪਿਆ। ਤੇ ਉਸ ਪਿੱਛੋਂ ਆਥਣ ਤਾਈਂ ਉਹਦਾ ਰਉਂ ਠੀਕ ਨਾ ਹੋਇਆ।"[5]

ਇੱਥੋਂ ਤੱਕ ਕਿ ਦਿਆਕੁਰ ਦੇ ਹਿੰਮਤ ਅਤੇ ਹੌਂਸਲੇ ਭਰੇ ਕੰਮਾਂ ਪ੍ਰਤੀ ਵੀ ਬਿਸ਼ਨੇ ਦੀ ਬੇਧਿਆਨੀ ਆਮ ਦੇਖੀ ਜਾ ਸਕਦੀ ਹੈ,ਜਿਵੇਂ;

> "ਤੇ ਫੇਰ ਨਾ ਉੱਥੇ ਤੋਤੀ ਖੜੋ ਸਕਿਆ ਤੇ ਨਾ ਕਿਸੇ ਆਉਂਦੇ-ਜਾਂਦੇ ਨੇ ਦਿਆਕੁਰ ਵਲ ਭਰਵੀਂ ਨਿਗਾਹ ਝਾਕਣ ਦੀ ਹਿੰਮਤ ਕੀਤੀ।................ਬਿਸ਼ਨਾ ਸੱਜੇ ਹੱਥ ਵਿੱਚ ਤੇਸੇ ਦੀ ਪੀਨ ਫੜੀਂ, ਖੱਬੇ ਹੱਥ ਦੀਆਂ ਉਂਗਲਾਂ ਦੇ ਪੋਟਿਆਂ ਨਾਲ ਤੇਸੇ ਦੀ ਧਾਰ ਵੇਖ ਰਿਹਾ ਸੀ, ਉਹਦਾ ਧਿਆਨ ਨਾ ਦਿਆਕੁਰ ਵੱਲ ਸੀ ਤੇ ਨਾ ਗਲੀ ਵਿੱਚ ਗੁੱਝੇ ਜਿਹੇ ਪੈ ਰਹੇ ਰੌਲੇ ਵਲ।"[6]

ਨਾਵਲ ਵਿੱਚ ਦਿਆਕੁਰ ਬਹੁਤੀ ਵਾਰ ਬਿਸ਼ਨੇ ਤੋਂ ਆਪਣੇ ਸ਼ੰਕੇ ਨਵਿਰਤ ਜਾਂ ਕੋਈ ਸਲਾਹ ਕਰਨ ਲਈ ਸਵਾਲ ਕਰਦੀ ਹੈ, ਪਰ ਬਿਸ਼ਨੇ ਦੁਆਰਾ ਉਸ ਦੀ ਜਿਗਿਆਸਾ ਨੂੰ ਕਦੇ ਵੀ ਸਹੀ ਤਰੀਕੇ ਜੁਆਬ ਦੇ ਕੇ ਪੂਰਾ ਨਹੀਂ ਕੀਤਾ ਜਾਂਦਾ ਜਾਂ ਬਹੁਤੀ ਵਾਰ ਜੁਆਬ ਦਿੱਤਾ ਹੀ ਨਹੀਂ ਜਾਂਦਾ। ਨਾਰੀ ਵਿੱਚ ਸੋਚਣ-ਸਮਝਣ ਦੀ ਸਮਰੱਥਾ ਹੈ ਪਰ ਫੇਰ ਵੀ ਉਹ ਪੁਰਸ਼ 'ਤੇ ਕੇਂਦਰਿਤ ਦਿਖਾਈ ਦਿੰਦੀ ਹੈ, ਜਿਵੇਂ ਕਿ;

> "ਹੈਂ ਉਏ, ਸਰਬਣ ਦਾ ਪਿਓ! ਜੇ ਆਪਾਂ ਹੁਣ ਉਧਰਲੇ ਘਰੇ ਫੇਰ ਜਾ ਬੈਠੀਏ ਆਪਾਂ ਨੂੰ ਸਰਕਾਰ ਕੀ ਕਰ ਦੂ? ਦਿਆਕੁਰ ਨੇ ਸਧਾਰਨ ਈ ਕੁਝ ਉਚੀ ਬੋਲ ਕੇ ਪੁੱਛਿਆ, ਤੇ ਡੋਈ ਰੋਕ ਕੇ, ਬਿਸ਼ਨੇ ਦੇ ਮੂੰਹ ਵਲ ਝਾਕਣ ਲਗ ਪਈ। ਬਿਸ਼ਨੇ ਨੇ ਉਵੇਂ ਮੁਸਕਰਾਂਦਿਆ ਤੇ ਭਾਫ਼ ਵਲ ਝਾਕਦਿਆਂ, ਬਾਲਣ ਵਿੱਚੋਂ ਦੋ ਕੁ ਸੱਕ ਚੁਕ ਚੁੱਲ੍ਹੇ ਵਿੱਚ ਸੁਟ ਦਿਤੇ ਤੇ ਬਿੰਦ ਕੁ ਚੁੱਪ ਕੀਤਾ ਬੈਠਾ ਰਿਹਾ ਜਿਵੇਂ ਕੋਈ ਗੰਭੀਰ ਗੱਲ ਸੋਚਦਾ ਹੋਵੇ। ਫੇਰ ਆਪ-ਮੁਹਾਰਾ ਈ ਬੋਲਿਆ, ਐਤਕੀ ਕੁੜੀ ਦਾ ਸਾਕ ਦੇ ਦੂ, ਅੱਗੇ ਭੂਆ ਦਾ ਦਿੱਤਾ ਸੀ....। ਦਿਆਕੁਰ ਦਾ ਚਿਹਰਾ ਅਡੋਲ ਰਿਹਾ। ਉਹ ਬਿਸ਼ਨੇ ਤੋਂ ਸਹੀ ਸ਼ਬਦਾਂ ਵਿਚ ਪੁੱਛਣਾ ਚਾਹੁੰਦੀ ਸੀ ਕਿ ਵਧ ਤੋਂ ਵਧ ਹੋਰ ਕੀ ਹੋ ਸਕਦਾ ਸੀ। ਅੰਦਰੋਂ ਦਿਆਕੁਰ ਦਾ ਚਿਤ ਇਉਂ ਕਰਦਾ ਸੀ ਕਿ ਜੇ ਅੱਗੇ ਵਾਂਗ ਉਨ੍ਹਾਂ ਨੂੰ ਫੜ ਕੇ ਜ਼ਮਾਨਤ ਉਤੇ ਈ ਛੱਡ ਦੇਣਾ ਸੀ ਤਾਂ ਇਹ ਕੋਈ ਸਜ਼ਾ ਨਹੀਂ ਸੀ; ਤੇ ਏਦੂੰ ਕਈ ਗੁਣਾਂ ਵਧ ਸਜ਼ਾ ਭੁਗਤਣ ਲਈ ਉਹ ਤਿਆਰ ਸੀ।

---

[5] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ 59.

[6] ਉਹੀ, ਪੰਨਾ- 87.

ਪਰ ਬਿਸ਼ਨਾ ਫੇਰ ਨਹੀਂ ਬੋਲਿਆ।"[7]

ਦਿਆਕੁਰ ਅਤੇ ਬਿਸ਼ਨੇ ਦੇ ਰਿਸ਼ਤੇ ਵਿਚ ਬਿਸ਼ਨੇ ਦੀ ਚੁੱਪੀ ਅਸੀਂ ਨਾਵਲ ਵਿੱਚ ਥਾਂ-ਥਾਂ 'ਤੇ ਦੇਖ ਸਕਦੇ ਹਾਂ। ਇਸ ਚੁੱਪ ਬਾਰੇ ਗੱਲ ਕਰਨਾ ਕਿਉਂ ਜ਼ਰੂਰੀ ਬਣ ਜਾਂਦਾ ਹੈ ਕਿਉਂਕਿ ਇਹ ਕੋਈ ਸਧਾਰਨ ਚੁੱਪੀ ਨਹੀਂ ਹੈ। ਇਹ 'ਚੁੱਪ' ਨਾਵਲ ਵਿੱਚ ਨਾਰੀ ਦੀ ਹੋਣੀ ਨੂੰ ਉਜਾਗਰ ਕਰਦੀ ਹੈ। ਜਿਵੇਂ; "ਬਾਤਾਂ ਸੁਣਾਂਦਿਆਂ ਸੁਣਾਂਦਿਆਂ ਕਦੇ ਕਦੇ ਦਿਆਕੁਰ ਦਾ ਚਿਤ ਉਂਜ ਈ ਉਦਾਸ ਹੋ ਜਾਂਦਾ ਤੇ ਉਹ ਚੁੱਪ ਕਰ ਜਾਂਦੀ ਤੇ ਨਿਆਣਿਆਂ ਨੂੰ 'ਮੈਨੂੰ ਖੇਡ ਆਉਂਦੀ ਐ' ਕਹਿ ਕੇ ਟਾਲ ਛੱਡਦੀ।"[8] ਜਾਂ "ਦਿਆਕੁਰ ਦਾ ਗੁੱਸਾ ਅਜੇ ਘਟਿਆ ਨਹੀਂ ਸੀ, ਪਰ ਉਹ ਆਪਣੇ ਈ ਖ਼ਿਆਲਾਂ ਵਿੱਚ ਗੁੰਮੀ, ਕੁਝ ਚਿਰ ਚੁੱਪ ਕਰੀ, ਗਲੋਟੇ ਅਟੇਰਦੀ ਰਹੀ।"[9] ਇਨਸਾਨ ਜਿੰਨਾਂ ਗੱਲਾਂ ਨੂੰ ਪੀ ਜਾਂਦਾ ਹੈ, ਉਹ ਗੱਲਾਂ ਇਨਸਾਨ ਨੂੰ ਅੰਦਰੋਂ-ਅੰਦਰੀ ਖਾ ਜਾਂਦੀਆਂ ਹਨ। ਨਾਵਲ ਵਿਚਲੀ ਨਾਰੀ (ਦਿਆਕੁਰ) ਦੀ 'ਚੁੱਪੀ' ਹੀ ਉਸ ਦੇ ਮਾਨਸਿਕ ਖ਼ਲਾਅ ਦਾ ਕਾਰਨ ਬਣਦੀ ਹੈ। ਇਹ ਚੁੱਪ ਹੌਲੀ-ਹੌਲੀ ਉਸ ਨੂੰ ਅੰਦਰੋਂ ਖਾ ਜਾਂਦੀ ਹੈ ਜਿਵੇਂ ਨਾਵਲ ਦੇ ਪੰਦਰਵੇਂ ਕਾਂਡ ਵਿੱਚ ਜਦੋਂ ਸੰਤੀ ਬਾਹਮਣੀ ਕਰਤਾਰੀ ਦੁਆਰਾ ਉਸ ਦੇ ਚਰਿੱਤਰ ਉੱਤੇ ਲਾਈਆਂ ਜਾ ਰਹੀਆਂ ਤੁਹਮਤਾਂ ਬਾਰੇ ਦੱਸਦੀ ਹੈ ਤਾਂ, "ਇਕ ਵਾਰੀ ਤਾਂ ਦਿਆਕੁਰ ਦਾ ਜੀ ਕਰਦਾ ਕਰਤਾਰੀ ਨੂੰ ਜਾ ਕੇ ਗੁੱਤੋਂ ਫੜ ਲਏ ਤੇ ਪੁੱਛੇ ਕਿ ਉਹ ਇਹ ਕਰਦੀ ਕੀ ਫਿਰਦੀ ਸੀ? ਪਰ ਫੇਰ ਆਪੇ ਈ ਉਹ ਗੁੱਸਾ ਪੀ ਲੈਂਦੀ ਤੇ ਏਸੇ ਗੱਲ ਨਾਲ ਕਈ ਦਿਨ ਚਿਤ ਢਿੱਲਾ ਕਰੀ ਰਖਦੀ।"[10] ਜਦੋਂ ਨਾਵਲ ਵਿੱਚ ਜਿੱਥੇ ਵੀ ਨਾਰੀ ਦੀ ਕੋਈ ਥੋੜ੍ਹੀ ਜਿਹੀ ਸੋਚ ਦੇ ਚਿੰਨ੍ਹ ਉੱਭਰਨ ਲੱਗਦੇ ਹਨ ਜਾਂ ਉਹ ਕੋਈ ਸੰਵਾਦ ਕਰਨ ਦੀ, ਸਵਾਲ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਪੁਰਸ਼ ਦੁਆਰਾ ਉਸ ਦੀ ਗੱਲ ਨੂੰ ਸੁਣਿਆ ਹੀ ਨਹੀਂ ਜਾਂਦਾ ਜਾਂ ਸੁਣ ਕੇ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਬਿਸ਼ਨਾ ਜਿੱਥੇ ਦਿਆਕੁਰ ਦੀ ਗੱਲ ਨਹੀਂ ਸੁਣਦਾ ਉੱਥੇ ਹੀ ਆਪਣੇ ਮਨ ਦੀ ਵੀ ਕੋਈ ਗੱਲ ਉਹਦੇ ਨਾਲ ਸਾਂਝੀ ਨਹੀਂ ਕਰਦਾ।

"ਕਿੰਨੇ ਚਿਰ ਪਿੱਛੋਂ ਜਦੋਂ ਦਿਆਕੁਰ ਬਾਹਰੋਂ ਆਈ ਤਾਂ ਬਿਸ਼ਨੇ ਨੂੰ ਮੁੱਚਰ ਤਛਦਿਆਂ ਵੇਖ ਕੇ ਉਹਨੇ ਹੈਰਾਨੀ ਨਾਲ ਪੁੱਛਿਆ, "ਇਹਦਾ ਹੁਣ ਕੀ ਵਿਉਂਤਣ ਲਗਿਐਂ, ਸਰਬਣ ਦਾ ਪਿਓ?"

ਬਿਸ਼ਨਾ ਬਿੰਦ ਕੁ, ਨਾ ਬੋਲਿਆ, ਨਾ ਉਹਨੇ ਦਿਆਕੁਰ ਵਲ ਈ ਵੇਖਿਆ, ਪਰ ਫੇਰ ਸਾਰੇ ਜ਼ੋਰ ਦਾ ਇੱਕ ਟੱਕ ਮਾਰਦਿਆਂ ਘੁਟਵੀਂ ਆਵਾਜ਼ ਵਿੱਚ ਚੀਕਿਆ, "ਕਿੱਲੀਆਂ-ਫੌੜੀ ਤੋਤੀ ਦੇ ਫੁਲ ਚੁਗਣ ਨੂੰ!"

ਦਿਆਕੁਰ ਪਹਿਲਾਂ ਗੱਲ ਪੂਰੀ ਨਾ ਸਮਝੀ, ਫੇਰ ਮੁਸਕਰਾ ਕੇ ਕੋਠੜੀ ਅੰਦਰ ਚਲੀ ਗਈ।

---

[7] ਉਹੀ, ਪੰਨਾ- 77.

[8] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ-119.

[9] ਉਹੀ, ਪੰਨਾ- 123.

[10] ਉਹੀ, ਪੰਨਾ- 119.

> ਆਥਣ ਤਾਈਂ ਬਿਸ਼ਨਾ ਘੁਟਿਆ-ਵਟਿਆ ਫਿਰਦਾ ਰਿਹਾ। ਦਿਆਕੁਰ ਨੇ ਕਈ ਵਾਰੀ ਗੱਲੀਂ-ਗੱਲੀਂ ਅਸਲ ਗੱਲ ਜਾਨਣ ਦਾ ਜਤਨ ਕੀਤਾ, ਪਰ ਉਹ ਨਾ ਉਧੜਿਆ। ਤੇ ਫੇਰ ਦਿਨ ਛਿਪੇ, ਚੁੱਪ-ਕੀਤਾ ਰੋਟੀ ਖਾਧੇ ਬਿਨਾਂ ਈ ਬਾਹਰ ਨੂੰ ਤੁਰ ਗਿਆ।"[11]

ਬਿਸ਼ਨਾ ਭਾਵੇਂ ਆਪਣਾ ਮਨ, ਧਿਆਨ ਕਿਸੇ ਹੋਰ ਪਾਸੇ ਕੰਮ ਵਿੱਚ ਲਾ ਕੇ ਜਾਂ ਬਾਹਰ ਕਿਤੇ ਜਾ ਕੇ ਸਹੀ ਕਰ ਲੈ ਲੈਂਦਾ ਹੈ ਪਰ ਦਿਆਕੁਰ ਲਈ ਉਸ ਦੀ ਖ਼ਾਮੋਸ਼ੀ ਮਾਨਸਿਕ ਪੀੜਾ ਦਾ ਕਾਰਨ ਬਣਦੀ ਹੈ। ਹੌਲੀ-ਹੌਲੀ ਉਹ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਜਦੋਂ ਆਪਣੇ ਮਨ ਦੇ ਵਲਵਲੇ ਕਿਸੇ ਨਾਲ ਸਾਂਝੇ ਨਹੀਂ ਕਰ ਪਾਉਂਦੀ, ਆਪਣੇ ਗੁੱਸੇ ਨੂੰ ਸਿੱਧਾ ਬੋਲ ਕੇ ਕੱਢ ਨਹੀਂ ਸਕਦੀ ਅਤੇ ਜਦੋਂ ਆਪਣੇ ਅੰਦਰ ਹੀ ਅੰਦਰ ਇਕੱਲੀ ਘੁੱਟਦੀ ਰਹਿੰਦੀ ਹੈ ਤਾਂ ਉਸ ਦੇ ਮਾਨਸਿਕ ਤਣਾਅ ਦੇ ਨਿਕਾਸ ਦਾ ਜ਼ਰੀਆ ਉਸ ਦਾ ਸਿਰ ਘੁੰਮਾ ਕੇ ਖੇਡਣਾ ਬਣਦਾ ਹੈ। ਜਿਵੇਂ; "

> "ਬਿਸ਼ਨਾ ਤਕੜੀ ਰਾਤ ਗਿਆ ਮੁੜਿਆ। ਉਹਨੂੰ ਰੋਟੀ ਖਾਂਦੇ ਨੂੰ ਜਦੋਂ ਦਿਆਕੁਰ ਨੇ ਕਾਨ੍ਹੀਏ ਵਾਲੀ ਗੱਲ ਦਸੀ ਤਾਂ ਉਹਨੇ ਅੱਧ-ਡੌਲੀਆਂ ਨਾਭਾਂ ਵਲ ਨਿਗਾਹ ਮਾਰੀ ਤੇ ਛੇਤੀ ਛੇਤੀ ਵੱਡੀਆਂ ਵੱਡੀਆਂ ਬੁਰਕੀਆਂ ਪਾਉਣ ਲਗ ਪਿਆ। ਦੋ ਰੋਟੀਆਂ ਵੀ ਪੂਰੀਆਂ ਉਹਨੇ ਨਾ ਖਾਧੀਆਂ ਤੇ ਬਾਕੀ ਦੋ ਵਿਚੇ ਛੱਡ ਕੇ ਉਠ ਖੜੋਤਾ। ਥੰਮ੍ਹੀ ਨਾਲੋਂ ਲਾਲਟੈਣ ਲਾਹ ਕੇ ਨਾਭਾਂ ਰੰਦਣ ਜਾ ਲਗਿਆ। ਦਿਆਕੁਰ ਨੇ ਇੱਕ ਵਾਰੀ ਕੁਝ ਹੈਰਾਨੀ ਨਾਲ ਉਹਦੇ ਵੱਲ ਵੇਖਿਆ, ਪਰ ਫੇਰ ਭਾਂਡੇ ਸਾਂਭ ਕੇ ਮੰਜੇ ਤੇ ਆ ਬੈਠੀ; ਤੇ ਬਿੰਦ ਕੁ ਪਿੱਛੋਂ ਖੇਡਣ ਲਗ ਪਈ। ਘੰਟਾ, ਦੋ ਘੰਟੇ- ਅੱਧੀ ਰਾਤ ਤਾਈਂ ਉਹ ਖੇਡਦੀ ਰਹੀ ਤੇ ਫੇਰ ਨਿਢਾਲ ਹੋ ਕੇ ਮੰਜੀ ਤੇ ਡਿੱਗ ਪਈ। ਪਰ ਬਿਸ਼ਨਾ ਉਦੋਂ ਤਾਈਂ ਕੰਮ ਲਗਿਆ ਰਿਹਾ ਜਦੋਂ ਤਾਈਂ ਦੋਏ ਨਾਭਾਂ ਚੰਗੀ ਤਰ੍ਹਾਂ ਰੰਦ ਕੇ ਉਨ੍ਹਾਂ ਦੇ ਡੋਰ ਨਾ ਲਾ ਲਏ।"[12]

ਨਾਵਲ ਵਿੱਚ ਆਪਣੀ ਮਾਨਸਿਕ ਪੀੜਾ ਨਾਲ ਜੂਝਣ ਦੀ ਤਕਲੀਫ਼ ਸਿਰਫ਼ ਤੇ ਸਿਰਫ਼ ਨਾਰੀ ਦੇ ਆਪਣੀ ਨਜ਼ਰ ਆਉਂਦੀ ਹੈ। ਜਿੱਥੇ ਨਾਰੀ (ਦਿਆਕੁਰ) ਆਪਣੇ ਪਤੀ (ਬਿਸ਼ਨੇ) ਦੇ ਹਰ ਦੁੱਖ-ਮੁਸੀਬਤ ਵਿੱਚ ਉਸ ਦਾ ਸਹਾਰਾ ਹੀ ਨਹੀਂ ਬਣਦੀ ਸਗੋਂ ਉਸ ਤੋਂ ਵੀ ਅੱਗੇ ਜਾ ਖੜ੍ਹਦੀ ਹੈ, ਉੱਥੇ ਨਾਵਲ ਵਿੱਚ ਪੁਰਸ਼ (ਬਿਸ਼ਨਾ) ਆਪਣੀ ਪਤਨੀ (ਦਿਆਕੁਰ) ਦੀ ਮਾਨਸਿਕ ਹਾਲਤ ਨੂੰ ਸਮਝਣਾ ਤਾਂ ਦੂਰ ਉਸ ਪ੍ਰਤੀ ਥੋੜ੍ਹੀ ਜਿਹੀ ਵੀ ਗੰਭੀਰਤਾ ਵੀ ਨਹੀਂ ਦਿਖਾਉਂਦਾ।

> "ਦਿਆਕੁਰ ਕੁਝ ਚਿਰ ਹੋਰ ਉਹਦੇ ਚਿਹਰੇ ਵੱਲ ਝਾਕਦੀ ਰਹੀ, ਤੇ ਫੇਰ ਸਿਰ ਮਾਰਨ ਲਗ ਪਈ। ਹੋਰ ਦੋ ਕੁ ਪਲ ਮਗਰੋਂ ਜਦੋਂ ਉਹਨੇ ਪਹਿਲੀ ਕਿਲਕਾਰੀ ਜਿਹੀ ਮਾਰੀ ਤਾਂ ਬਿਸ਼ਨਾ ਭਉਂ ਕੇ ਉਹਦੇ ਵਲ ਝਾਕਣ ਲਗ ਪਿਆ। ਮੰਜੀ ਉਤੇ ਪੰਥੀ ਮਾਰੀ ਬੈਠੀ ਦਿਆਕੁਰ, ਗੇੜੇ-ਦਾਅ ਸਿਰ ਘੁਮਾਉਂਦੀ ਖੇਡਣ ਲਗ ਪਈ ਸੀ। ਬਿੰਦ ਕੁ ਉਹਦੇ ਵਲ ਝਾਕ

---

[11] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ-190.

[12] ਉਹੀ, ਪੰਨਾ-192.

ਕੇ ਬਿਸ਼ਨਾ ਇਕ ਵਾਰੀ ਮੁਸਕਰਾਇਆ, ਪਰ ਨਾਲ ਦੀ ਨਾਲ ਗੰਭੀਰ ਹੋ ਕੇ ਫੇਰ ਸ਼ਬਦ ਗਾਉਣ ਲਗ ਪਿਆ। .....................................ਬਿਸ਼ਨਾ ਆਪਣੀ ਮਸਤੀ ਵਿਚ ਈ ਸ਼ਬਦ ਗਾਉਂਦਾ ਰਿਹਾ ਦਿਆਕੁਰ ਦੀ ਖੇਡ ਤੇ ਕਿਲਕਾਰੀਆਂ ਵਲ ਜਿਵੇਂ ਉਹਦਾ ਕੋਈ ਧਿਆਨ ਨਹੀਂ ਸੀ।"[13]

ਨਾਵਲ ਵਿੱਚ ਅਜਿਹੀਆਂ ਉਦਾਹਰਨਾਂ ਹੋਰ ਬਹੁਤ ਥਾਵਾਂ 'ਤੇ ਦੇਖੀਆਂ ਜਾਂ ਸਕਦੀਆਂ ਹਨ, ਜਿੱਥੇ ਨਾਵਲਕਾਰ ਦੁਆਰਾ ਪੁਰਸ਼ ਦੀ ਨਾਰੀ ਪ੍ਰਤੀ ਬੇਪਰਵਾਹੀ ਦਿਖਾਈ ਗਈ ਹੈ। ਇਸ ਤੋਂ ਇਲਾਵਾ ਨਾਵਲਕਾਰ ਨਾਰੀ ਮਨ ਦੀ ਉਨ੍ਹੀਂ ਪਰਮਾਣਿਕ ਪੇਸ਼ਕਾਰੀ ਨਹੀਂ ਕਰ ਸਕਿਆ, ਜਿੰਨ੍ਹੀ ਉਸ ਦੁਆਰਾ ਪੁਰਸ਼ ਦੇ ਮਨ ਅੰਦਰ ਚੱਲ ਰਹੇ ਵਲਵਲਿਆਂ ਦੀ ਕੀਤੀ ਗਈ ਹੈ। ਦਿਆਕੁਰ ਦੇ ਮਨ 'ਚ ਕੀ ਚੱਲਦਾ ਹੈ? ਉਸ ਦੇ ਅੰਦਰ ਕੀ-ਕੀ ਉਤਰਾ-ਚੜ੍ਹਾਅ ਆਉਂਦੇ ਹਨ? ਇਹ ਸਭ ਪੇਸ਼ ਕਰਨ ਲਈ ਸ਼ਾਇਦ ਨਾਵਲਕਾਰ ਨੂੰ ਸ਼ਬਦ ਹੀ ਨਹੀਂ ਲੱਭਦੇ। ਇਸ ਲਈ ਜਦੋਂ ਵੀ ਦਿਆਕੁਰ ਉਦਾਸ ਹੁੰਦੀ ਹੈ ਤਾਂ ਨਾਵਲਕਾਰ ਉਸ ਨੂੰ ਚੁੱਪ ਕਰਵਾ ਦਿੰਦਾ ਹੈ ਅਤੇ ਜਦੋਂ ਉਹ ਬਹੁਤ ਜ਼ਿਆਦਾ ਦੁਖੀ ਹੁੰਦੀ ਹੈ ਤਾਂ ਉਸ ਨੂੰ ਖੇਡਣ ਲਾ ਦਿੰਦਾ ਹੈ। ਨਾਵਲ ਵਿੱਚ ਅਸੀਂ ਦੇਖਦੇ ਹਾਂ ਕਿ ਜਦੋਂ ਵੀ ਦਿਆਕੁਰ ਜ਼ਿਆਦਾ ਖੇਡਦੀ ਹੈ, ਉਸ ਤੋਂ ਅਗਲੇ ਦਿਨ ਉਹ ਉਨ੍ਹਾਂ ਹੀ ਜ਼ਿਆਦਾ ਖੁਸ਼ ਹੁੰਦੀ ਹੈ। ਨਾਵਲਕਾਰ ਉਸ ਦੇ ਖੇਡਣ ਨੂੰ ਹੀ ਉਸ ਦੀ ਸੰਤੁਸ਼ਟੀ ਦਾ ਜ਼ਰੀਆ ਬਣਾ ਕੇ ਪੇਸ਼ ਕਰ ਦਿੰਦਾ ਹੈ। ਜਿਵੇਂ ਕਿ; "ਜਿਉਂ-ਜਿਉਂ ਉਹ ਵਧੇਰੇ ਖੇਡਣ ਲਗਦੀ ਗਈ ਨਿਢਾਲ ਵੀ ਘੱਟ ਹੋਣ ਲਗ ਪਈ। ਜਿਸ ਰਾਤ ਉਹ ਬਹੁਤਾ ਚਿਰ ਖੇਡਦੀ ਰਹਿੰਦੀ ਓਦੂੰ ਅਗਲੇ ਦਿਨ ਸਗੋਂ ਹੋਰ ਦਿਨਾਂ ਨਾਲੋਂ ਵਧੇਰੇ ਖ਼ੁਸ਼ ਦਿਸਦੀ।"[14] ਇਸ ਦੇ ਉਲਟ ਨਾਵਲਕਾਰ ਦੁਆਰਾ ਪੁਰਸ਼ ਮਾਨਸਿਕਤਾ ਦਾ ਬਿਆਨ ਨਾਵਲ ਵਿੱਚ ਆਮ ਮਿਲ ਜਾਂਦਾ ਹੈ, "ਆਥਣੇ ਜਦੋਂ ਇਕੱਲਾ ਬਿਸ਼ਨਾ ਵਿਹੜੇ ਵਿੱਚ ਮੰਜੀ ਡਾਹ ਕੇ ਪਿਆ ਤਾਂ ਉਹਨੂੰ ਇਉਂ ਲਗਿਆ ਜਿਵੇਂ ਰੋਹੀ ਵਿੱਚ ਪਿਆ ਹੋਵੇ; ਅਜ ਤਾਈਂ ਕਦੇ ਚਿੱਤ-ਚੇਤਾ ਵੀ ਨਹੀਂ ਸੀ ਆਇਆ ਕਿ ਵਿਹੜਾ ਏਨਾ ਖੁੱਲ੍ਹਾ ਸੀ ਤੇ ਵਿਚਾਲੇ ਮੰਜਾ ਡਾਹਿਆ,ਹਨੇਰੇ ਵਿੱਚ ਪਾਸਿਆਂ ਵਾਲੀਆਂ ਕੰਧਾਂ ਵੀ ਨਹੀਂ ਸਨ ਦਿਸਦੀਆਂ।"[15] ਇਸ ਤਰ੍ਹਾਂ ਦੀਆਂ ਹੋਰ ਉਦਾਹਰਨਾਂ ਵੀ ਨਾਵਲ ਵਿੱਚ ਦੇਖੀਆਂ ਜਾ ਸਕਦੀਆਂ ਹਨ। ਸਭ ਤੋਂ ਅਹਿਮ ਪੱਖ ਨਾਵਲਕਾਰ ਨੇ ਦਿਆਕੁਰ ਵਿੱਚ ਭਾਵੇਂ ਸਮਾਜ ਨਾਲ ਟੱਕਰ ਲੈ ਸਕਣ ਲਈ ਹੌਂਸਲੇ ਤੇ ਦਲੇਰੀ ਵਾਲੇ ਅੰਸ਼ ਤਾਂ ਭਰ ਦਿੱਤੇ ਹਨ। ਜੋ ਆਪਣੇ ਪਤੀ ਦੇ ਨਾਲ ਹੀ ਨਹੀਂ ਸਗੋਂ ਉਸ ਤੋਂ ਵੀ ਅੱਗੇ ਜਾ ਕੇ ਤੇ ਇੱਥੋਂ ਤੱਕ ਕਿ ਉਸ ਦੀ ਅਣਹੋਂਦ ਵਿੱਚ ਕਾਬਜ਼ ਧਿਰਾਂ ਨਾਲ ਸਿੱਧੀ ਟੱਕਰ ਲੈਂਦੀ ਹੈ। ਜਿਸ ਦਾ ਸੁਭਾਅ ਨਾਵਲ ਵਿੱਚ ਬਿਲਕੁਲ ਪਤੀ ਬਿਸ਼ਨੇ ਜਿਹਾ ਅੱਖੜ ਤੇ ਗੁੱਸੇ ਵਾਲਾ ਦਿਖਾਈ ਦਿੰਦਾ ਹੈ। ਜੋ ਭਰਾ ਦੇ ਇੱਕ ਵਾਰ ਉੱਚਾ-ਨੀਵਾਂ ਬੋਲਣ ਕਾਰਨ ਪੇਕਿਆਂ ਨਾਲੋਂ ਹਮੇਸ਼ਾਂ ਲਈ ਰਿਸ਼ਤਾ ਤੋੜ ਲੈਂਦੀ ਹੈ ਪਰ ਇੱਕ ਪਤਨੀ ਦੇ ਰੂਪ ਵਿੱਚ ਨਾਵਲਕਾਰ ਉਸ ਨੂੰ ਇਸ ਦੇ ਬਿਲਕੁਲ ਉਲਟ ਪੇਸ਼ ਕਰ ਦਿੰਦਾ ਹੈ। ਪਤਨੀ ਦੇ ਰੂਪ ਵਿੱਚ ਉਹ ਇਕ ਡਰੀ, ਚੁੱਪ ਅਤੇ ਸਿਰਫ਼ ਪਤੀ ਦੀ

[13] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ-152.

[14] ਉਹੀ, ਪੰਨਾ-130.

[15] ਉਹੀ, ਪੰਨਾ-235.

ਮਰਜ਼ੀ ਅਨੁਸਾਰ ਚੱਲਣ ਵਾਲੀ ਨਾਰੀ ਦੇ ਕਿਰਦਾਰ ਵਿੱਚ ਪੇਸ਼ ਕੀਤੀ ਮਿਲਦੀ ਹੈ। ਦਿਆਕੁਰ ਨੂੰ ਅਸੀਂ ਨਾਵਲ ਵਿੱਚ ਬਹੁਤੀਆਂ ਥਾਂਵਾਂ ਤੇ ਬਿਸ਼ਨੇ ਦੀ ਘੂਰ ਜਾਂ ਉਸਦੇ ਗੁੱਸੇ ਤੋਂ ਡਰਦੇ/ਝਿਜਕਦੇ ਦੇਖ ਸਕਦੇ ਹਾਂ। ਜਿਵੇਂ ਕਿ;

> "ਦਿਆਕੁਰ ਨੇ ਜਿਵੇਂ ਮਗਰਲੀ ਗੱਲ ਆਖੀ ਸੀ ਉਹਦਾ ਬੁੱਧੇ ਨੇ ਬਹੁਤਾ ਧਿਆਨ ਨਹੀਂ ਸੀ ਕੀਤਾ, ਪਰ ਬਿਸ਼ਨੇ ਨੂੰ ਇਹ ਚੰਗੀ ਨਹੀਂ ਸੀ ਲਗੀ। ਦਿਆਕੁਰ ਫੇਰ ਵੀ ਤੀਵੀਂ ਸੀ। ਬਿਸ਼ਨੇ ਨੂੰ ਪਤਾ ਸੀ ਕਿ ਉਹ ਤੋਂ ਆਪਣੀ ਗੱਲ ਏਡੇ ਜ਼ੋਰ ਨਾਲ ਅੰਦਰ ਨਹੀਂ ਸੀ ਦੱਬੀ ਜਾਂਦੀ ਤੇ ਕਈ ਵਾਰ ਮੱਲੋਮੱਲੀ ਇੰਜ ਹੋਛੀਆਂ ਗੱਲਾਂ ਕਹਿ ਬਹਿੰਦੀ ਸੀ। ਕਈ ਵਾਰ ਤਾਂ ਅਜਿਹੇ ਵੇਲੇ ਬਿਸ਼ਨੇ ਦੇ ਤੌਰ ਵਿਗੜ ਜਾਂਦੇ ਸਨ, ਪਰ ਕਈ ਵਾਰੀ ਉਹ, ਬਿੰਦ ਕੁ ਸੋਚ ਕੇ ਗੱਲ ਆਈ-ਗਈ ਕਰ ਛਡਦਾ ਸੀ।"[16]

> ਜਾਂ

> "ਦਿਆਕੁਰ ਅੰਦਰੋਂ ਨਹਾ ਕੇ ਨਿਕਲੀ ਸੀ ਜਦੋਂ ਉਹਨੇ ਹੇਤੀਏ ਨੂੰ ਜਾਂਦਿਆਂ ਵੇਖਿਆ। ਉਹਨੇ ਵਾਜ ਮਾਰਨੀ ਚਾਹੀ, ਪਰ ਬਿਸ਼ਨੇ ਦੀਆਂ ਅੱਖਾਂ ਤਾੜ ਕੇ ਚੁੱਪ ਕਰ ਗਈ ਤੇ ਫੇਰ ਅੰਦਰੇ ਮੁੜ ਗਈ।"[17]

ਨਾਵਲ ਵਿੱਚ ਦਿਆਕੁਰ ਦੇ ਰਾਹੀਂ ਨਾਰੀ ਦਾ ਅਜਿਹਾ ਕਿਰਦਾਰ ਸਾਹਮਣੇ ਆਉਂਦਾ ਹੈ ਜਿਸ ਦੀ ਆਪਣੀ ਕੋਈ ਨਿੱਜੀ ਮਰਜ਼ੀ ਜਾਂ ਹੋਂਦ ਜ਼ਾਹਿਰ ਨਹੀਂ ਹੁੰਦੀ। ਉਹ ਆਪਣੇ ਪਤੀ ਦੀ ਮਹਿਜ਼ ਦੇਖਣੀ ਤੋਂ ਡਰਦੀ ਤਾਂ ਹੈ ਹੀ ਸਗੋਂ ਨਾਲ-ਨਾਲ ਉਹ ਆਪਣੇ ਪਤੀ ਰੂਪੀ ਪੁਰਸ਼ ਦੀ ਪਿੱਛਲੱਗ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਬਿਸ਼ਨੇ ਦੁਆਰਾ ਕੀਤੇ ਕਿਸੇ ਵੀ ਫ਼ੈਸਲੇ 'ਤੇ ਉਹ ਕਦੇ ਵੀ ਕੋਈ ਕਿੰਤੂ-ਪਰੰਤੂ ਨਹੀਂ ਕਰਦੀ। ਉਹ ਉਸਦਾ ਹਰ ਫ਼ੈਸਲਾ ਅੱਖਾਂ ਬੰਦ ਕਰਕੇ ਮੰਨ ਲੈਂਦੀ ਹੈ। ਬਿਸ਼ਨੇ ਦੇ ਘਰ ਛੱਡ ਕੇ ਜਾਣ ਦੇ ਫ਼ੈਸਲੇ ਵਿੱਚ ਵੀ ਉਹ ਅਜਿਹਾ ਹੀ ਕਰਦੀ ਹੈ,

> "ਆ ਫੇਰ ਹੁਣ ਏਥੋਂ ਚੱਲੀਏ....ਦਿਆਕੁਰ ਨੇ ਅੱਖਾਂ ਖੋਹਲ ਕੇ ਬਿਸ਼ਨੇ ਦੇ ਪੀਡੇ ਮੂੰਹ ਵਲ ਰਤਾ ਕੁ ਹੈਰਾਨੀ ਨਾਲ ਤੱਕਿਆ, ਪਰ ਉਹਦੇ ਚਿਹਰੇ ਉੱਤੇ ਇੱਕ ਅਡੋਲ ਦ੍ਰਿੜ੍ਹਤਾ ਤੇ ਅੱਖਾਂ ਵਿੱਚ ਕਿਸੇ ਨਰੋਏ ਇਰਾਦੇ ਦੀ ਲਿਸ਼ਕ ਪਛਾਣ ਕੇ ਸਧਾਰਨ ਆਵਾਜ਼ ਨਾਲ ਬੋਲੀ, "ਚਲ। ਕਿਧਰ?"

> "ਜਿਧਰ ਦਾਣਾ-ਪਾਣਾ ਲੈ ਜੇ!"

> ਦਿਆਕੁਰ ਚੁੰਨੀ ਸੂਤ ਕਰ ਕੇ ਇਉਂ ਜੁੱਤੀ ਪਾਉਣ ਲਗ ਪਈ ਜਿਵੇਂ ਉਠ ਕੇ ਤੋੜੇ ਵਿੱਚੋਂ ਪਾਣੀ ਪੀਣ ਲਗੀ ਹੋਵੇ।"[18]

---

[16] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ- 80.

[17] ਉਹੀ, ਪੰਨਾ-114.

[18] ਉਹੀ, ਪੰਨਾ- 202.

ਇੱਥੋਂ ਤੱਕ ਕਿ ਆਪਣੇ ਅੰਤਿਮ ਸਮੇਂ ਜਦੋਂ ਦਿਆਕੁਰ ਨੂੰ ਅੱਖਾਂ ਤੋਂ ਦਿਸਣੋਂ ਵੀ ਹੱਟ ਜਾਂਦਾ ਹੈ ਅਤੇ ਸੰਤੂ ਦੀ ਬਹੂ ਤੇ ਉਸ ਦਾ ਸਾਰਾ ਪਰਿਵਾਰ ਉਸ ਦੀ ਦੇਖ-ਭਾਲ ਕਰਦੇ ਹਨ, ਉਦੋਂ ਬਿਸ਼ਨਾ ਦਿਆਕੁਰ ਨੂੰ ਉਹ ਘਰ ਛੱਡ ਕੇ ਜਾਣ ਲਈ ਕਹਿੰਦਾ ਹੈ ਉਹ ਉਦੋਂ ਵੀ ਬਿਨਾਂ ਕੁਝ ਕਹੇ ਉਹਦੇ ਨਾਲ ਤੁਰ ਪੈਂਦੀ ਹੈ। ਨਾਵਲ ਵਿੱਚ ਕਿਤੇ-ਕਿਤੇ ਸਾਨੂੰ ਦਿਆਕੁਰ ਦੀ ਦਾਰਸ਼ਨਿਕ ਸਮਝ ਦੀ ਕੁਝ ਕੁ ਝਲਕ ਮਿਲਦੀ ਹੈ, ਪਰ ਉਹ ਵੀ ਉਸ ਦੀ ਅਤੇ ਬੂਟੇ ਦੀ ਆਪਸੀ ਵਾਰਤਾਲਾਪ ਵਿੱਚੋਂ ਕੁਝ ਕੁ ਉਸ ਰਾਹੀਂ ਕੀਤੇ ਸਵਾਲਾਂ ਵਿੱਚੋਂ ਜਿਵੇਂ;

> "ਬੂਟਿਆ ਤੂੰ ਤਾਂ ਪੜ੍ਹਿਆ-ਲਿਖਿਐਂ, ਅਕਬਾਰ, ਕਤਾਬਾਂ ਪੜ੍ਹਦਾ ਰਹਿਨੈ, ਇਹ ਪਾਪ-ਪੁੰਨ ਕੀ ਹੁੰਦੇ ਐ? ਇੱਕ ਦਿਨ ਗੰਭੀਰ ਹੋ ਕੇ ਦਿਆਕੁਰ ਨੇ ਪੁੱਛਿਆ।
>
> ਬੂਟੇ ਨੂੰ ਜਿਵੇਂ ਮੌਕਾ ਥਿਆ ਗਿਆ ਤੇ ਉਹਨੇ ਆਪਣੀ ਕਥਾ ਛੋਹ ਲਈ, "ਇਹ ਪਾਪ-ਪੁੰਨ ਦਿਆਕੁਰੇ ਐਵੇਂ ਮੜੇ-ਮੌਲਵੀਆਂ, ਬਾਹਮਣਾਂ ਤੇ ਭਾਈ ਜੀਆਂ ਦ ਬਣਾਏ ਵੇ ਐ- ਬੰਦਾ ਬਸ ਬੰਦਾ ਈ ਹੁੰਦੈ- ਬੰਦਾ ਈ ਰੱਬ ਹੁੰਦੈ। ਜਿਹੜਾ ਆਦਮੀ ਕਿਸੇ ਦਾ ਚਿਤ ਦੁਖੀ ਕਰੇ ਉਹ ਪਾਪੀ, ਜਿਹੜਾ ਬੰਦੇ ਦਾ ਭਲਾ ਕਰੇ ਉਹ ਧਰਮੀ। ਹੋਰ ਸਭ ਭਕਾਈ ਐ........" ਸਾਰੀਆਂ ਮੁਤਬਰਕ ਕਿਤਾਬਾਂ 'ਚ ਲਿਖਿਐ......"
>
> "ਬਸ ਬਸ, ਠੀਕ ਐ- ਮੈਨੂੰ ਵੀ ਐਂ ਈ ਲਗਦੈ।"[19]

ਨਾਵਲਕਾਰ ਕੋਲ ਭਾਵੇਂ ਨਾਰੀ ਦੇ ਮਮਤਾ ਦਾ ਕੋਈ ਨਿੱਜੀ ਜੈਂਡਰ ਆਧਾਰਿਤ ਅਨੁਭਵ ਨਹੀਂ ਪਰ ਫ਼ਿਰ ਵੀ ਉਸ ਨੇ ਨਾਵਲ ਵਿੱਚ ਕਿਤੇ-ਕਿਤੇ ਨਾਰੀ ਦੀ ਮਮਤਾ ਦੇ ਭਾਵਾਂ ਨੂੰ ਵੀ ਨਾਵਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹ ਨਾਰੀ ਦੇ ਮਨ ਅੰਦਰ ਫੁੱਟਦੇ ਮਮਤਾ ਦੇ ਵਲਵਲਿਆਂ ਨੂੰ ਨਿੱਜੀ ਅਨੁਭਵ ਦੀ ਕਮੀ ਕਾਰਨ ਉਸ ਸ਼ੈਲੀ ਵਿੱਚ ਜਾਂ ਉਸ ਤਰੀਕੇ ਨਾਲ ਨਹੀਂ ਚਿਤਰ ਸਕਿਆ, ਜਿਸ ਤਰ੍ਹਾਂ ਕਿ ਇੱਕ ਨਾਰੀ ਨਾਵਲਕਾਰ ਚਿਤਰ ਸਕਦੀ ਹੈ। ਪੰਜ ਪੁੱਤਾਂ ਤੇ ਦੋ ਧੀਆਂ ਦੀ ਬਚਪਨ ਵਿੱਚ ਹੀ ਮੌਤ ਹੋ ਜਾਣ ਦੇ ਦੁਖਾਂਤ ਅਤੇ ਉਸ ਤੋਂ ਬਾਅਦ ਕਿਸੇ ਬੱਚੇ ਦਾ ਨਾ ਹੋਣਾ, ਇੱਕ ਨਾਰੀ ਲਈ ਖ਼ਾਸ ਕਰਕੇ ਇੱਕ ਮਾਂ ਲਈ ਇਸ ਤੋਂ ਵੱਡਾ ਕੋਈ ਦੁੱਖ ਨਹੀਂ ਹੋ ਸਕਦਾ। ਨਾਵਲ ਵਿੱਚ ਦਿਆਕੁਰ ਦਾ ਇਹ ਦੁਖਾਂਤ ਬੂਟੇ ਅਤੇ ਭਗਤੇ ਦੇ ਬੱਚਿਆਂ ਨੂੰ ਕੀਤੇ ਜਾਣ ਵਾਲੇ ਨਿਸਵਾਰਥ ਪਿਆਰ ਵਿੱਚੋਂ ਮਹਿਸੂਸ ਹੁੰਦਾ ਹੈ। ਮਮਤਾ ਦੇ ਵਹਿਣ ਵਿੱਚ ਉਹ ਆਪਣੇ ਅੰਦਰ ਕਿਤੇ ਪਿਆ ਜਾਤ-ਪਾਤ ਅਤੇ ਧਰਮ ਦਾ ਭੇਦ-ਭਾਵ ਵੀ ਭੁੱਲ ਜਾਂਦੀ ਹੈ। ਜਿਵੇਂ; "ਜਦੋਂ ਬੂਟਾ ਬਾਹਰ-ਅੰਦਰ ਚਲਿਆ ਜਾਂਦਾ ਉਹ ਉਨ੍ਹਾਂ ਨੂੰ ਕਹਿ ਕੇ ਨੁਹਾ ਦਿੰਦੀ, ਉਨ੍ਹਾਂ ਦੇ ਕਪੜੇ ਆਪ ਧੋ ਦਿੰਦੀ ਤੇ ਰੋਟੀ ਟੁਕ ਪਕਾ ਕੇ ਖੁਆ ਦਿੰਦੀ। ਭਾਵੇਂ ਉਹਦੇ ਅੰਦਰੋਂ ਅਜੇ ਤਾਈਂ ਉਨ੍ਹਾਂ ਦੇ ਮੁਸਲਮਾਨ ਹੋਣ ਵਾਲੀ ਤੇ ਨੀਵੀਆਂ ਜਾਤਾਂ ਤੋਂ ਸੋਧ ਰਖਣ ਵਾਲੀ ਗੱਲ ਨਿਕਲੀ ਨਹੀਂ ਸੀ, ਪਰ ਜਦੋਂ ਵੀ ਉਹਦੇ ਚਿਤ 'ਚ ਮੋਹ ਦਾ ਉਛਾਲਾ ਉਠਦਾ ਤਾਂ ਇਹ ਸਭ ਕੁਝ ਭੁੱਲ ਜਾਂਦਾ।........................ਜਦੋਂ ਵੀ 'ਧਰਮ' ਅਤੇ 'ਸੋਧ' ਦਾ ਖ਼ਿਆਲ

---

[19] ਗੁਰਦਿਆਲ ਸਿੰਘ, *ਅਣਹੋਏ,* ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ-118.

ਆਉਂਦਾ ਉਹ ਬਿੰਦ ਕੁ ਸੋਚਦੀ ਪਰ ਫੇਰ ਭੁੱਲ ਜਾਂਦੀ।"[20] ਨਾਵਲ ਵਿੱਚ ਦਿਆਕੁਰ ਦੀ ਮਮਤਾ ਤੇ ਪਤੀ ਦਾ ਡਰ ਬਹੁਤੀਆਂ ਥਾਵਾਂ 'ਤੇ ਨਾਲ-ਨਾਲ ਚੱਲਦੇ ਹਨ। ਜਿਵੇਂ ਕਿ ਆਪਾਂ ਪਿੱਛੇ ਗੱਲ ਕੀਤੀ ਪਤੀ ਦੇ ਡਰ ਕਾਰਨ ਜਾਂ ਅਣਗੌਲੇਪਣ ਕਾਰਨ ਉਹ ਕਦੇ ਵੀ ਖੁੱਲ੍ਹ ਕੇ ਆਪਣੇ ਭਾਵ ਵਿਅਕਤ ਨਹੀਂ ਕਰ ਪਾਉਂਦੀ, "ਦਿਆਕੁਰ ਕਦੇ ਕਦੇ ਕਾਲੇ ਤੇ ਮਾਘੀ ਨੂੰ ਮਿਲਣ ਨੂੰ ਸੱਧਰਾ ਜਾਂਦੀ, ਪਰ ਡਰਦੀ ਉਹ ਬਿਸ਼ਨੇ ਨੂੰ ਕੁਝ ਕਹਿ ਨਾ ਸਕਦੀ। ਜੇ ਕਦੇ ਉਹ ਗੱਲ ਛੇੜ ਵੀ ਲੈਂਦੀ ਤਾਂ ਬਿਸ਼ਨਾ ਚੁੱਪ ਕਰ ਜਾਂਦਾ।"[21] ਇਸ ਤਰ੍ਹਾਂ ਨਾਵਲ ਵਿੱਚ ਦਿਆਕੁਰ ਦੇ ਅੰਦਰਲੀ ਮਾਂ ਦੇ ਭਾਵ ਕਦੇ ਸਪੱਸ਼ਟ ਰੂਪ ਵਿੱਚ ਸਾਹਮਣੇ ਨਹੀਂ ਆਉਂਦੇ। ਬਿਸ਼ਨੇ ਦੁਆਰਾ ਵੀ ਦਿਆਕੁਰ ਨੂੰ ਹਮੇਸ਼ਾਂ ਉਸ ਦੇ 'ਤੀਵੀਂ' ਹੋਣ ਦੇ ਰੂਪ ਵਿੱਚ ਹੀ ਦੇਖਿਆ ਜਾਂਦਾ ਹੈ। ਦਿਆਕੁਰ ਚਾਹੇ ਬਿਸ਼ਨੇ ਦੀ ਹਰ ਤਕਲੀਫ਼ ਵਿੱਚ ਉਸਦਾ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੰਦੀ ਹੈ, ਪਰ ਨਾਵਲ ਵਿੱਚ ਕੁਝ ਕੁ ਥਾਵਾਂ ਤੇ ਬਿਸ਼ਨਾ ਫਿਰ ਵੀ ਆਪਣੇ-ਆਪ ਨੂੰ ਕੱਲਾ ਰਹਿ ਗਿਆ ਮਹਿਸੂਸਦਾ ਹੈ ਤੇ ਦਿਆਕੁਰ ਦਾ ਖ਼ਿਆਲ ਆਉਣ ਤੇ ਉਹ ਸੋਚਦਾ ਹੈ, "ਪਰ......ਹੈ ਤਾਂ 'ਤੀਵੀਂ' ਈ ਨਾ।"[22] ਇਹ 'ਤੀਵੀਂ' ਸ਼ਬਦ ਨਾਵਲ ਵਿੱਚ ਹਮੇਸ਼ਾਂ ਨਕਰਾਤਮਕ ਧੁਨੀ ਵਿੱਚ ਪੇਸ਼ ਕੀਤਾ ਗਿਆ ਮਿਲਦਾ ਹੈ, ਜਿਵੇਂ ਬੁੱਧਾ ਨਾਵਲ ਵਿੱਚ ਦਿਆਕੁਰ ਜੋ ਕਿ ਖ਼ੁਦ ਇੱਕ ਨਾਰੀ ਹੈ, ਕੋਲ ਦੂਜੀ ਨਾਰੀ ਦੀ ਬੁਰਾਈ ਕਰਦੇ ਕਹਿੰਦਾ ਹੈ ਕਿ, "ਪਰ ਜਿਸ ਘਰੇ ਦਿਆਕੁਰੇ ਤੀਵੀਂ ਦਾ ਰਾਜ ਹੋਵੇ ਉਹ ਘਰ ਕਦੇ ਤੁਗਦਾ ਨੀ ਹੁੰਦਾ।"[23] ਇੱਕ ਥਾਂ ਹੋਰ ਬੁੱਧਾ ਭਗਤੇ ਨੂੰ ਕਰਤਾਰੀ ਨੂੰ ਕੁੱਟਣ ਤੋਂ ਰੋਕਦਾ ਹੋਇਆ ਸਮਝਾਉਂਦਾ ਕਹਿੰਦਾ ਹੈ ਕਿ, "ਇਨ੍ਹਾਂ ਤੀਵੀਆਂ ਦੀ ਤਾਂ ਗੁੱਤ ਪਿੱਛੇ ਮੱਤ ਹੁੰਦੀ ਐ, ਜੇ ਇਨ੍ਹਾਂ ਦੇ ਮਗਰ ਬੰਦਾ ਲਗੇ ਤਾਂ ਆਥਣ ਨੂੰ ਝੁੱਗਾ ਉਜਾੜ ਬੈਠੇ।"[24]

ਨਾਵਲ ਵਿਚਲੀ ਜੋ 'ਇਮੋਸ਼ਨਲ ਸਪੇਸ' ਹੈ, ਉਹ ਨਾਰੀ ਪਾਤਰਾਂ ਦੇ ਬੋਲਾਂ ਰਾਹੀਂ ਹੀ ਭਰੀ ਜਾ ਰਹੀ ਹੈ। ਉਨ੍ਹਾਂ ਦੇ ਦੁੱਖ ਵਿੱਚ ਕਸੀਦੇ ਸ਼ਬਦ ਜਾਂ ਗਾਲ੍ਹਾਂ ਹੀ ਨੇ ਜੋ ਨਾਵਲ ਦੀ 'ਇਮੋਸ਼ਨਲ ਪਾਵਰ' ਬਣਦੇ ਹਨ। ਇਹ ਗੱਲ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਵਿੱਚ ਵੀ ਦੇਖੀ ਜਾ ਸਕਦੀ ਹੈ। ਉਸ ਨਾਵਲ ਦੇ ਸਾਰੇ ਨਾਰੀ ਪਾਤਰ ਵਾਰਤਾਲਾਪ ਵਿੱਚ ਹਨ ਪਰ 'ਅਣਹੋਏ' ਨਾਵਲ ਵਿੱਚ ਦਿਆਕੁਰ ਦਾ ਪਾਤਰ ਗੁੱਸੇ ਜਾਂ ਸਧਾਰਨ ਸਮੇਂ ਵਾਰਤਾਲਾਪ ਵਿੱਚ ਰਹਿੰਦਾ ਹੈ, ਜਦੋਂ ਉਹ ਉਦਾਸ, ਦੁਖੀ ਜਾਂ ਡਰੀ ਹੁੰਦੀ ਹੈ ਤਾਂ ਉਹ ਚੁੱਪ ਕਰ ਜਾਂਦੀ ਹੈ। ਕਰਤਾਰੀ ਦਾ ਪਾਤਰ ਹਮੇਸ਼ਾਂ ਵਾਰਤਾਲਾਪ ਵਿੱਚ ਰਹਿੰਦਾ ਹੈ ਅਤੇ ਉਸ ਦੀ ਹਮੇਸ਼ਾਂ ਤਾਅਨਿਆਂ-ਮਿਹਣਿਆ ਜਾਂ ਗਾਲ੍ਹਾਂ ਦੀ ਭਾਸ਼ਾ ਸਾਹਮਣੇ ਆਉਂਦੀ ਹੈ। ਦਿਆਕੁਰ ਦੀ ਭਾਸ਼ਾ ਵਿਚ ਵਿਭਿੰਨਤਾ ਦੇਖੀ ਜਾ ਸਕਦੀ ਹੈ ਜਿਵੇਂ; ਵਿਦਰੋਹੀ ਭਾਸ਼ਾ, ਮਾਂ ਦੀ ਮਮਤਾ ਵਿੱਚ ਲਬਰੇਜ਼ ਭਾਸ਼ਾ, ਜਿਗਿਆਸੂ ਭਾਸ਼ਾ ਅਤੇ ਗੁੱਸੇ ਵਿੱਚ ਗ੍ਰਸਤ ਗਾਲ੍ਹਾਂ ਦੀ ਭਾਸ਼ਾ। ਉਸ ਨੂੰ ਜੋ 'ਬਾਬੇ ਦੀ ਖੇਡ' ਆਉਂਦੀ ਹੈ, ਉਹ ਉਸ ਦੀ ਕਮਜ਼ੋਰੀ ਤੇ ਲਾਚਾਰੀ ਨੂੰ ਪ੍ਰਗਟ ਕਰਦੀ ਹੈ। ਮਜ਼ਬੂਰੀ

---

[20] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ-118.

[21] ਉਹੀ, ਪੰਨਾ- 233.

[22] ਉਹੀ, ਪੰਨਾ- 90.

[23] ਉਹੀ, ਪੰਨਾ-132.

[24] ਉਹੀ, ਪੰਨਾ- 164.

ਬਸ ਸਿੱਧੇ ਤੌਰ 'ਤੇ ਜਦੋਂ ਉਹ ਕੁਝ ਨਹੀਂ ਕਰ ਸਕਦੀ ਤਾਂ ਉਹ ਅੰਦਰੋਂ ਟੁੱਟ ਜਾਂਦੀ ਹੈ। 'ਬਾਬੇ ਦੀ ਖੇਡ' ਉਸ ਦੇ ਦੁਖਾਂਤ ਦੇ ਨਿਕਾਸ ਦਾ ਜ਼ਰੀਆ ਬਣ ਜਾਂਦਾ ਹੈ ਅਤੇ ਜਿਉਂ-ਜਿਉਂ ਦੁਖਾਂਤ ਵੱਧਦਾ ਜਾਂਦਾ ਹੈ, ਉਸ ਦਾ ਸਿਰ ਘੁੰਮਾ ਕੇ ਖੇਡਣ ਦਾ ਸਮਾਂ ਵੱਧਦਾ ਜਾਂਦਾ ਹੈ। ਆਪਣੇ ਤੋਂ ਤਕੜਿਆਂ ਦੇ ਅਨਿਆਂ ਵਿਰੁੱਧ ਉਪਜੇ ਗੁੱਸੇ ਨੂੰ ਪ੍ਰਗਟ ਕਰਨ ਦਾ ਜਦੋਂ ਕੋਈ ਰਾਹ ਨਹੀਂ ਮਿਲਦਾ ਤਾਂ ਉਹ ਖੇਡਦੀ ਹੋਈ ਗਾਲ੍ਹਾਂ ਕੱਢਦੀ ਹੈ। ਮਾਨਸਿਕ ਸੰਤੁਲਨ ਕਾਇਮ ਰੱਖਣ ਲਈ ਉਹ ਧਰਮ ਦੀ ਟੇਕ ਲੈਂਦੀ ਹੈ। ਉਹ ਭਾਵੇਂ ਸਿੱਧੀ ਟੱਕਰ ਨਹੀਂ ਲੈ ਸਕਦੀ, ਪਰ ਘਰ ਆਏ ਸੇਠ ਨੂੰ ਗਾਲ੍ਹਾਂ ਕੱਢਦੀ ਹੈ;

> "ਕੁੱਤਿਆ ਠੇਲ੍ਹਿਆ! ਇਕ ਤੂੰ ਝੂਠੀਆਂ ਗਵਾਹੀਆਂ ਭਰੇਂ ਇਕ ਬਾਬਿਆਂ ਮੂਹਰੇ ਕੁਫ਼ਰ ਬੋਲੇਂ ਉਏ- ਹੈਂ? ਇਹ ਤੈਂ ਹੱਥ ਕੀ ਫੜਿਐ?"[25]

ਉਹ ਸੇਠ ਨੂੰ ਗਾਲ੍ਹਾਂ ਕੱਢ ਕੇ ਆਪਣਾ ਗੁੱਸਾ ਕੱਢਦੀ ਹੈ। ਭਾਵੇਂ ਵੇਖਣ ਨੂੰ ਸਾਰਾ ਦਿਨ ਉਸ ਵਿੱਚ ਦ੍ਰਿੜਤਾ ਝਲਕਦੀ ਹੈ ਪਰ ਹਨੇਰਾ ਪੈਂਦੇ ਹੀ ਉਸ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਉਹ ਖੇਡਣ ਲੱਗ ਪੈਂਦੀ ਹੈ ਤੇ ਬਾਬਿਆਂ ਪਾਸੋਂ ਨਿਆਂ ਦੀ ਆਸ ਕਰਦੀ ਹੈ;

> "ਜਿਹੜੇ ਬੰਦੇ ਬੂਟਿਆ, ਇਉਂ ਕੁਫ਼ਰ ਤੋਲਣ ਉਨ੍ਹਾਂ ਦੇ ਸਤਗੁਰ ਕੀੜੇ ਚਲਾਉਂਦਾ ਹੁੰਦੈ........ਨਾਲੇ ਬੂਟਿਆ ਜਿਹੜਾ ਲੋਕ ਕਹਿੰਦੇ ਐ ਨਾ ਨਰਕ-ਸੁਰਗ ਅਗਲੀ ਦਰਗਾਹ ਭੁਗਤਣਾ ਪੈਂਦੈ, ਸਦਾ ਬਾਬਾ ਕਹਿੰਦੈ, ਮੈਂ ਸਭ ਕੁਸ਼ ਐਥੇ, ਥਾਏਂ ਭੁਗਤਾ ਕੇ ਦਖਾਊਂ। ਜੇ ਪਾਪੀ ਨੂੰ ਖੜੇ-ਪੈਰ ਡੰਡ ਨਾ ਮਿਲਿਆ ਤਾਂ ਬਾਬੇ ਦੀ ਕਲਾ ਕੀ ਹੋਈ?"[26]

ਦਿਆਕੁਰ ਦੀ ਮਾਨਸਿਕ ਸੰਤੁਸ਼ਟੀ ਇੱਥੇ ਹੀ ਨਹੀਂ ਹੁੰਦੀ ਸਗੋਂ ਉਹ ਠੇਲ੍ਹੇ ਦਾ ਇੱਕ ਡਰਨਾ ਬਣਾ ਲੈਂਦੀ ਹੈ ਤੇ ਸਵੇਰੇ-ਸ਼ਾਮ ਨਿਯਮ ਨਾਲ ਉਸ ਨੂੰ ਜੁੱਤੀਆਂ ਮਾਰਦੀ ਹੈ ਤੇ ਤਸੱਲੀ ਅਨੁਭਵ ਕਰਦੀ ਹੈ। ਉਸਦੀ ਮਾਨਸਿਕਤਾ ਦਾ ਇਹ ਹੀ ਵਿਗਠਨ ਉਸ ਦੀ ਮੌਤ ਦਾ ਕਾਰਨ ਬਣਦਾ ਹੈ। ਗੁਰਦਿਆਲ ਸਿੰਘ ਚਾਹੁੰਦਾ ਤਾਂ ਦਿਆਕੁਰ ਦੇ ਪਾਤਰ ਨੂੰ ਇੱਕ ਨਾਇਕ ਪਾਤਰ ਦੇ ਰੂਪ ਵਿੱਚ ਉਭਾਰ ਸਕਦਾ ਸੀ ਪਰ ਉਹ ਦਿਆਕੁਰ ਦੇ ਪਾਤਰ ਨੂੰ ਨਿਡਰ ਛੋਹਾਂ ਦਿੰਦੇ-ਦਿੰਦੇ ਅੰਤ ਲਾਚਾਰੀ ਵੱਲ ਲੈ ਜਾਂਦਾ ਹੈ। ਉਹ ਉਸ ਵਿੱਚ ਕੋਈ ਵਿਚਾਰਧਾਰਕ ਸੋਝੀ ਨਹੀਂ ਭਰਦਾ। ਨਾਵਲਕਾਰ ਦੁਆਰਾ ਭਾਵੇਂ ਦਿਆਕੁਰ ਦੇ ਪਾਤਰ ਨੂੰ ਬਿਸ਼ਨੇ ਦੇ ਪੂਰਕ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਪਰ ਨਾਵਲ ਵਿਚਲੇ ਕੁਝ ਕੁ ਸ਼ਬਦਾਂ ਤੋਂ ਨਾਵਲਕਾਰ ਅਚੇਤ ਰੂਪ ਵਿੱਚ ਪੁਰਸ਼ ਸ਼੍ਰੇਸ਼ਟਤਾ ਵਾਲੇ ਪਾਸੇ ਭੁਗਤਦਾ ਪ੍ਰਤੀਤ ਹੁੰਦਾ ਹੈ। ਉਹ ਨਾਵਲ ਵਿੱਚ ਦਿਆਕੁਰ ਦੀ ਪਾਠਕਾਂ ਨਾਲ ਜਾਣ-ਪਛਾਣ ਹੀ ਐਵੇਂ ਕਰਵਾਉਂਦਾ ਹੈ ਕਿ, "......... ਬੰਦਿਆਂ ਵਾਂਗ ਨਿਧੜਕ ਤੁਰ ਰਹੀ ਸੀ।"[27] ਇੱਥੇ ਨਾਵਲਕਾਰ ਨਾਰੀ ਦੀ ਨਿਧੜਕਤਾ ਦੱਸਣ ਲਈ ਅਲੰਕਾਰ ਵੀ ਪੁਰਸ਼ ਦਾ ਹੀ ਵਰਤਦਾ ਹੈ। ਨਾਵਲਕਾਰ ਪੁਰਸ਼ ਦੀ ਨਾਰੀ ਦੀ ਜ਼ਿੰਦਗੀ ਵਿੱਚ ਮਹੱਤਤਾ ਸਿੱਧ ਕਰਨ

---

[25] ਗੁਰਦਿਆਲ ਸਿੰਘ, *ਅਣਹੋਏ*, ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ-128.

[26] ਉਹੀ, ਪੰਨਾ 127-128.

[27] ਉਹੀ, ਪੰਨਾ 12.

ਲਈ ਦਿਆਕੁਰ ਦੇ ਮੂੰਹੋਂ ਵੀ ਇਹ ਕਢਵਾ ਦਿੰਦਾ ਹੈ ਕਿ, "ਬੰਦੇ ਤੋਂ ਬਿਨਾਂ ਤੀਵੀਂ ਦਾ ਕੀ ਬਣਦੈ.........।"[28] ਨਾਵਲ ਵਿੱਚ ਦਿਆਕੁਰ ਦੀ ਪੇਸ਼ਕਾਰੀ ਰਵਾਇਤੀ ਭਾਰਤੀ ਨਾਰੀ ਦੇ ਰੂਪ ਵਿੱਚ ਕੀਤੀ ਗਈ ਮਿਲਦੀ ਹੈ ਜੋ ਆਪਣੇ ਪਤੀ ਬਿਸ਼ਨੇ ਦੇ ਹਰ ਫੈਸਲੇ ਵਿੱਚ ਉਸ ਦਾ ਸਾਥ ਦਿੰਦੀ ਹੈ। ਜੋ ਆਰਥਿਕ ਤੰਗੀ ਅਤੇ ਬਿਸ਼ਨੇ ਦੇ ਅੜੀਅਲ ਸੁਭਾਅ ਦੇ ਬਾਵਜੂਦ ਕਦੇ ਵੀ ਸ਼ਿਕਾਇਤ ਨਹੀਂ ਕਰਦੀ। ਨਾਵਲ ਵਿੱਚ ਦਿਆਕੁਰ ਦੀ ਕੋਈ ਨਿੱਜੀ ਵਿਚਾਰਧਾਰਕ ਪਹੁੰਚ ਜ਼ਾਹਿਰ ਨਹੀਂ ਹੁੰਦੀ, ਉਹ ਆਪਣੇ ਪਤੀ ਦੀ ਵਿਚਾਰਧਾਰਾ ਦੀ ਪਿੱਛਲੱਗ ਦਿਖਾਈ ਦਿੰਦੀ ਹੈ। ਨਾਵਲਕਾਰ ਦਿਆਕੁਰ ਨੂੰ ਜਿੱਥੇ ਪਰਿਵਾਰਿਕ ਹਿੱਤਾਂ ਤੋਂ ਪਰੇ ਰੱਖਦਾ ਹੈ, ਉੱਥੇ ਹੀ ਨਾਵਲ ਦੀ ਦੂਸਰੀ ਨਾਰੀ ਪਾਤਰ ਕਰਤਾਰੀ ਨੂੰ ਆਪਣੇ ਘਰ ਦੇ ਹਿੱਤਾਂ ਨਾਲ ਬੱਝੀ ਹੋਈ ਚਿਤਰਦਾ ਹੈ। ਜੋ ਪਰਿਵਾਰਿਕ ਹਿੱਤਾਂ ਲਈ ਕੋਈ ਨਜਾਇਜ਼ ਕੰਮ ਕਰਨ ਤੋਂ ਨਹੀਂ ਝਿਜਕਦੀ। ਇੱਥੋਂ ਤੱਕ ਕੇ ਆਪਣੇ ਪਤੀ ਨੂੰ ਆਪਣੇ ਹੀ ਭਰਾ ਦਾ ਸਮਾਨ ਚੋਰੀ ਕਰਨ ਅਤੇ ਅੱਡ ਹੋਣ ਲਈ ਮਜ਼ਬੂਰ ਕਰ ਦਿੰਦੀ ਹੈ। 'ਮੜ੍ਹੀ ਦਾ ਦੀਵਾ' ਦੀ ਧੰਨੋ ਅਤੇ ਕਰਤਾਰੀ ਦੋਵੇਂ ਆਪਸ ਵਿੱਚ ਮੇਲ ਖਾਂਦੇ ਪਾਤਰ ਸਿਰਜੇ ਗਏ ਹਨ। 'ਅਣਹੋਏ' ਨਾਵਲ ਵਿੱਚ ਦਿਆਕੁਰ ਦੇ ਨਾਲ-ਨਾਲ ਕਰਤਾਰੀ ਜਿਹੇ ਪਾਤਰ ਰਾਹੀਂ ਨਾਵਲਕਾਰ ਇਹ ਦਿਖਾਉਣਾ ਚਾਹੁੰਦਾ ਹੈ ਕਿ ਔਰਤਾਂ ਇਸ ਤਰ੍ਹਾਂ ਦੀਆਂ ਵੀ ਹੁੰਦੀਆਂ ਹਨ, ਪਰ ਉਹ ਉਭਾਰਦਾ ਦਿਆਕੁਰ ਨੂੰ ਹੈ। ਉਹ ਕਰਤਾਰੀ ਨੂੰ ਉਹ ਛੋਹਾਂ ਨਹੀਂ ਦਿੰਦਾ ਜੋ ਦਿਆਕੁਰ ਨੂੰ ਉੱਚਿਆਉਂਦੀਆਂ ਹਨ। ਗੁਰਦਿਆਲ ਸਿੰਘ ਨਾਰੀ ਪਾਤਰ ਚਿਤਰਨ ਵੱਲ ਰੁਚਿਤ ਨਹੀਂ ਜਾਪਦਾ। ਸ਼ਾਇਦ ਇਸ ਲਈ ਉਹ ਨਾਰੀ ਪਾਤਰਾਂ ਨੂੰ ਸਪੱਸ਼ਟ ਨਹੀਂ ਕਰ ਸਕਿਆ। ਉਸ ਦੇ ਨਾਰੀ ਪਾਤਰ ਸ਼ਕਤੀਸ਼ਾਲੀ ਹੁੰਦੇ ਹੋਏ ਵੀ ਮਰਦ ਪਾਤਰਾਂ ਜਿੰਨੇ ਸ਼ਕਤੀਸ਼ਾਲੀ ਨਹੀਂ ਬਣ ਸਕੇ। ਗੁਰਦਿਆਲ ਸਿੰਘ ਜਿੱਥੇ ਬਾਕੀ ਨਾਵਲਾਂ ਵਿੱਚ ਪੁਰਸ਼ ਪਾਤਰਾਂ ਦੇ ਸੰਦਰਭ ਵਿੱਚ ਨਾਰੀ ਪਾਤਰਾਂ ਦੀ ਗੱਲ ਕਰਦਾ ਹੈ, ਉੱਥੇ 'ਕੁਵੇਲਾ' ਵਿੱਚ ਉਸ ਨੇ ਕੇਂਦਰੀ ਪਾਤਰ ਹੀਰਾ ਦੇਵੀ ਦੇ ਪ੍ਰਸੰਗ ਵਿੱਚ ਬਾਕੀ ਪੁਰਸ਼ ਪਾਤਰਾਂ ਦੀ ਗੱਲ ਕੀਤੀ ਹੈ। ਇਹ ਨਾਵਲ ਨਾਰੀ ਪਾਤਰਾਂ ਤੋਂ ਹੀ ਤੁਰਦਾ ਹੈ ਤੇ ਨਾਰੀ ਪਾਤਰਾਂ ਤੇ ਹੀ ਮੁੱਕਦਾ ਹੈ। 'ਅਣਹੋਏ' ਨਾਵਲ ਵਿਚਲੀਆਂ ਬਾਕੀ ਨਾਰੀ ਪਾਤਰ ਨਾਵਲ ਵਿੱਚ ਕਿਸੇ-ਕਿਸੇ ਕਾਂਡ ਵਿੱਚ ਆਉਂਦੀਆਂ ਹਨ। ਸੰਤੂ ਦੀ ਬਹੂ ਬਿਸ਼ਨੇ ਅਤੇ ਦਿਆਕੁਰ ਨਾਲ ਕੋਈ ਰਿਸ਼ਤਾ ਨਾ ਹੁੰਦੇ ਹੋਏ ਵੀ ਉਨ੍ਹਾਂ ਦੀ ਪਰਿਵਾਰ ਸਮੇਤ ਸੰਭਾਲ ਕਰਦੀ ਨਾਵਲ ਵਿੱਚ ਪੇਸ਼ ਹੋਈ ਹੈ। ਉਸ ਦੇ ਪਾਤਰ ਜ਼ਰੀਏ ਨਾਵਲਕਾਰ ਇਹ ਦਿਖਾਉਂਦਾ ਨਜ਼ਰ ਆਉਂਦਾ ਕਿ ਤੁਹਾਡੇ ਆਪਣੇ ਰਿਸ਼ਤੇ ਤੁਹਾਨੂੰ ਦੁੱਖਾਂ ਵਿੱਚ ਪਾ ਸਕਦੇ ਹਨ ਤੇ ਬੇਗਾਨੇ ਬਿਨ੍ਹਾਂ ਕਿਸੇ ਸਵਾਰਥ ਦੇ ਤੁਹਾਡੇ ਨਾਲ ਖੜ੍ਹ ਵੀ ਸਕਦੇ ਹਨ। ਦੂਜੇ ਪਾਸੇ ਸੰਤੀ ਬਾਹਮਣੀ ਜਿਹੇ ਪਾਤਰ ਨੂੰ ਨਾਵਲਕਾਰ ਦਿਆਕੁਰ ਅਤੇ ਕਰਤਾਰੀ ਦੇ ਵਿਚਕਾਰ ਇੱਕ ਸਾਂਝੇ ਨਾਰੀ ਪਾਤਰ ਦੇ ਰੂਪ ਵਜੋਂ ਪੇਸ਼ ਕਰਦਾ ਹੈ, ਜੋ ਉਨ੍ਹਾਂ ਵਿਚਲੇ ਰਿਸ਼ਤਿਆਂ ਦੇ ਤਣਾਅ ਨੂੰ ਹੋਰ ਭਖਾਉਣ ਦਾ ਕੰਮ ਕਰਦੀ ਹੈ। ਹੇਤੀਏ ਦੀ ਪਤਨੀ ਨੂੰ ਨਾਵਲ ਵਿੱਚ ਬਹੁਤ ਘੱਟ ਥਾਂ ਮਿਲੀ ਹੈ ਪਰ ਜਿਨਾਂ ਵੀ ਉਸ ਦੀ ਭੂਮਿਕਾ ਹੈ ਉਹ ਸਕਰਾਤਮਕ ਰੂਪ ਵਿੱਚ ਪੇਸ਼ ਕੀਤੀ ਗਈ ਹੈ।

---

[28] ਉਹੀ, ਪੰਨਾ 68.

ਗੁਰਦਿਆਲ ਸਿੰਘ ਦੁਆਰਾ ਨਾਰੀ ਪਾਤਰਾਂ ਦੇ ਚਿਤਰਨ ਪਿੱਛੇ ਉਸ ਦੀ ਮੁੱਖ ਰਚਨਾਤਮਕ ਚਿੰਤਾ ਨਾਰੀ ਦੇ ਜੀਵਨ ਦੇ ਦੁਖਾਂਤ ਅਤੇ ਯਥਾਰਥ ਦਾ ਸਿਰਜਣ ਹੈ। ਉਹ ਇਹ ਸਿਰਜਣ ਨਾਰੀ ਦੀ ਦੁਖਾਂਤ ਹੋਣੀ ਬਾਰੇ ਕੇਵਲ ਕਰੁਣਾ ਦਾ ਭਾਵ ਉਪਜਾਉਣ ਲਈ ਨਹੀਂ ਕਰਦਾ ਸਗੋਂ ਉਹ ਉਨ੍ਹਾਂ ਦੇ ਦੁਖਾਂਤ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਾਵਲਕਾਰ ਨਾਰੀ ਪਾਤਰਾਂ ਦੀ ਦੁਖਾਂਤਕ ਹੋਣੀ ਉਜਾਗਰ ਤਾਂ ਕਰਦਾ ਹੈ ਪਰ ਉਨ੍ਹਾਂ ਨੂੰ ਉਸ ਹੋਣੀ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ ਨਹੀਂ ਕਰਦਾ। ਦਿਆਕੁਰ ਜਿਹੇ ਹੌਂਸਲੇ ਭਰਪੂਰ ਪਾਤਰ ਨੂੰ ਘੜ੍ਹ ਕੇ ਵੀ ਨਾਵਲਕਾਰ ਉਸ ਵਿੱਚ ਕੋਈ ਨਵੀਂ ਗੁੰਜਾਇਸ਼ ਪੈਦਾ ਨਹੀਂ ਕਰਦਾ ਅਤੇ ਉਸ ਨੂੰ ਆਮ ਸਧਾਰਨ ਪਤੀ ਦੇ ਗੁੱਸੇ ਤੋਂ ਡਰਨ ਵਾਲੀ, ਆਪਣੇ ਦੁੱਖ ਨੂੰ ਹਮੇਸ਼ਾਂ ਮਨ ਅੰਦਰ ਦਬਾਈ ਰੱਖਣ ਵਾਲੀ ਨਾਰੀ ਦੇ ਰੂਪ ਵਿੱਚ ਪੇਸ਼ ਕਰ ਦਿੰਦਾ ਹੈ। ਗੁਰਦਿਆਲ ਸਿੰਘ ਆਪਣੇ ਨਾਰੀ ਪਾਤਰਾਂ ਨੂੰ ਇੱਕ ਲੋੜੀਂਦੀ ਵਿੱਥ 'ਤੇ ਖਲੋ ਕੇ ਉਸ ਦੇ ਸੁਭਾਅ ਤੇ ਸਥਿਤੀ ਬਾਰੇ ਪਾਠਕ ਨੂੰ ਸੋਝੀ ਕਰਵਾਉਣ ਦੇ ਨਜ਼ਰੀਏ ਤੋਂ ਚਿਤਰਦਾ ਹੈ। ਉਸ ਦੇ ਨਾਰੀ ਪਾਤਰਾਂ ਦੀ ਜੇਕਰ ਸਮੁੱਚੇ ਰੂਪ ਵਿੱਚ ਗੱਲ ਕਰੀਏ ਤਾਂ ਉਨ੍ਹਾਂ ਵਿੱਚੋਂ ਕੁਝ ਪਾਤਰ ਹਾਲਤਾਂ ਮੁਤਾਬਿਕ ਸਮਝੌਤਾ ਕਰ ਲੈਂਦੇ ਹਨ ਜਿਵੇਂ, ਆਥਣ-ਉੱਗਣ ਦੀਆਂ ਬਸੰਤ ਕੌਰ ਅਤੇ ਦਾਨ ਕੌਰ, ਜੋ ਪਾਤਰ ਵਿਦਰੋਹ ਕਰਨਾ ਚਾਹੁੰਦੇ ਹਨ। ਨਾਵਲਕਾਰ ਉਨ੍ਹਾਂ ਵਿੱਚ ਸਾਹਸ ਤਾਂ ਭਰ ਦਿੰਦਾ ਹੈ ਪਰ ਉਹ ਸੋਝੀ ਨਹੀਂ ਭਰਦਾ ਜੋ ਉਨ੍ਹਾਂ ਦੇ ਵਿਦਰੋਹ ਨੂੰ ਸਫ਼ਲ ਕਰ ਸਕੇ। ਇਸ ਤਰ੍ਹਾਂ ਉਹ ਵੀ ਬਾਕੀ ਨਾਰੀ ਪਾਤਰਾਂ ਦੀ ਤਰ੍ਹਾਂ ਦੁਖਾਂਤ ਦੇ ਭਾਗੀ ਹੋ ਨਿਬੜਦੇ ਹਨ। ਗੁਰਦਿਆਲ ਸਿੰਘ ਸੋਨੀ ਅਤੇ ਰੱਤੀ ਜਹੇ ਪਾਤਰਾਂ ਤੋਂ ਜੇ ਵਿਦਰੋਹ ਕਰਵਾਉਂਦਾ ਵੀ ਹੈ ਤਾਂ ਉਸ ਵਿਦਰੋਹ ਨੂੰ ਜਿਸਮਾਨੀ ਰੰਗਤ ਦੇ ਦਿੰਦਾ ਹੈ। ਜਿਸ ਦਾ ਪਛਤਾਵਾ ਉਨ੍ਹਾਂ ਦੇ ਅਸਤਿਤਵ ਨੂੰ ਅੰਦਰੋਂ-ਅੰਦਰੀ ਖ਼ਤਮ ਕਰ ਦਿੰਦਾ ਹੈ। ਨਾਵਲਕਾਰ ਆਪਣੇ ਨਾਵਲਾਂ ਵਿੱਚ ਕਰਤਾਰੀ, ਧੰਨੋ ਅਤੇ ਮੋਦਨ ਦੀ ਭਰਜਾਈ ਜਿਹੇ ਪਾਤਰ ਸਿਰਜ ਕੇ ਇਹ ਦਿਖਾਉਣਾ ਚਾਹੁੰਦਾ ਹੈ ਕਿ ਔਰਤਾਂ ਇਸ ਤਰ੍ਹਾਂ ਦੀਆਂ ਵੀ ਹੁੰਦੀਆਂ ਹਨ। ਗੁਰਦਿਆਲ ਸਿੰਘ ਦੇ ਬਹੁਤੇ ਨਾਵਲਾਂ ਵਿੱਚ ਸਾਨੂੰ ਕੁਝ ਸ਼ਬਦ ਇੱਕੋ ਤਰ੍ਹਾਂ ਦੇ ਅਜਿਹੇ ਮਿਲ ਜਾਂਦੇ ਹਨ ਜੋ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਪੁਰਸ਼ ਬਿਨ੍ਹਾਂ ਔਰਤ ਦਾ ਕੁਝ ਨਹੀਂ ਬਣ ਸਕਦਾ ਜਿਵੇਂ 'ਕੁਵੇਲਾ' ਨਾਵਲ ਵਿੱਚ ਨਾਵਲਕਾਰ ਦੁਆਰਾ ਸੁਰਿੰਦਰ ਦੇ ਮੂੰਹੋਂ ਇਹ ਅਖਵਾਉਣਾ ਕਿ;"ਕੱਲੀ ਤੀਵੀਂ ਨੂੰ ਲੋਕ ਸੁਖ ਨਾਲ ਕਦੇ ਨਹੀਂ ਰਹਿਣ ਦਿੰਦੇ।"[29] ਨਾਵਲ 'ਰੇਤੇ ਦੀ ਇੱਕ ਮੁੱਠੀ' ਵਿੱਚ ਅਮਰ ਸਿੰਘ ਦੇ ਪਿੰਡ ਦੇ ਇਕ ਬੰਦੇ ਤੋਂ ਅਮਰ ਸਿੰਘ ਨੂੰ ਇਹ ਅਖਵਾਉਣਾ, "ਪਰ ਬੰਦੇ ਬਿਨਾਂ ਕੱਲੀ ਤੀਵੀਂ ਦਾ ਬਣਦਾ ਕੀ ਐ?"[30] ਇਸੇ ਹੀ ਤਰ੍ਹਾਂ ਦਾ ਵਾਰਤਾਲਾਪ 'ਅਣਹੋਏ' ਨਾਵਲ ਵਿੱਚ ਖ਼ੁਦ ਨਾਰੀ ਪਾਤਰ ਦਿਆਕੁਰ ਕੋਲੋਂ ਬੁਲਵਾਉਣਾ, "ਬੰਦੇ ਤੋਂ ਬਿਨਾਂ ਤੀਵੀਂ ਦਾ ਕੀ ਬਣਦੈ.........।"[31] ਸ਼ਬਦਾਂ ਦਾ ਇਹ ਇੱਕੋ ਜਿਹਾ ਦੁਹਰਾਓ ਕੋਈ ਇਤਫ਼ਾਕ ਨਾ ਲੱਗ ਕੇ ਨਾਵਲਕਾਰ ਦੇ ਅਚੇਤ ਵਿੱਚ ਪਈ ਕਿਸੇ ਗੱਲ ਦਾ ਹਿੱਸਾ ਜਾਪਦਾ ਹੈ। ਗੁਰਦਿਆਲ ਸਿੰਘ ਦੇ ਨਾਵਲਾਂ 'ਚ ਪੇਸ਼ ਨਾਰੀ ਬਾਰੇ ਜੇਕਰ ਸਮੁੱਚੇ ਰੂਪ ਵਿੱਚ ਗੱਲ ਕਰਨੀ ਹੋਵੇ ਤਾਂ ਇਹ ਸਾਹਮਣੇ ਆਉਂਦਾ ਹੈ ਕਿ ਉਸ ਨੇ ਇਕ ਪੇਂਡੂ ਮਲਵਈ ਖਿੱਤੇ ਵਿੱਚ

---

[29] ਗੁਰਦਿਆਲ ਸਿੰਘ, *ਕੁਵੇਲਾ,* ਕਸਤੂਰੀ ਲਾਲ ਐਂਡ ਸੰਨਜ, ਅੰਮ੍ਰਿਤਸਰ, 1968, ਪੰਨਾ 160.

[30] ਗੁਰਦਿਆਲ ਸਿੰਘ, *ਰੇਤੇ ਦੀ ਇਕ ਮੁੱਠੀ,* ਆਰਸੀ ਪਬਲਿਸ਼ਰਜ਼, ਦਿੱਲੀ, 1986, ਪੰਨਾ 110.

[31] ਗੁਰਦਿਆਲ ਸਿੰਘ, *ਅਣਹੋਏ,* ਆਰਸੀ ਪਬਲਿਸ਼ਰਜ਼, ਦਿੱਲੀ, 1979, ਪੰਨਾ 68.

ਮੌਜੂਦ ਨਾਰੀ ਦੇ ਹਰ ਰੂਪ ਨੂੰ ਆਪਣੇ ਨਾਵਲਾਂ ਜ਼ਰੀਏ ਪੇਸ਼ ਕਰਨ ਦਾ ਯਤਨ ਕੀਤਾ ਹੈ, ਉਹ ਭਾਵੇਂ ਸਕਰਾਤਮਕ ਹੋਵੇ ਜਾਂ ਨਕਰਾਤਮਕ। ਉਹ ਆਪਣੇ ਨਾਵਲਾਂ ਵਿੱਚ ਕੋਈ ਅਜਿਹਾ ਨਾਰੀ ਪਾਤਰ ਨਹੀਂ ਸਿਰਜ ਸਕਿਆ, ਜੋ ਇਸ ਵਰਗ ਲਈ ਕੋਈ ਨਵੀਆਂ ਸੰਭਾਵਨਾਵਾਂ ਪੈਦਾ ਕਰਦਾ ਹੋਵੇ। ਜਿੱਥੇ ਕਿਤੇ ਉਹ ਨਾਰੀ ਨੂੰ ਕੋਈ ਸਾਹਸੀ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ, ਉੱਥੇ ਹੀ ਦੂਜੇ ਪਾਸੇ ਉਸ ਨੂੰ ਸਮਾਜ ਜਾਂ ਕਿਸੇ ਵੀ ਡਰ ਕਾਰਨ ਸਮਝੌਤਾ ਕਰਦੀ ਦਿਖਾ ਦਿੰਦਾ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਨਾਰੀ ਪਾਤਰਾਂ ਦੀ ਕੋਈ ਵਿਚਾਰਧਾਰਕ ਪਹੁੰਚ ਜ਼ਾਹਿਰ ਨਹੀਂ ਹੁੰਦੀ। ਉਸ ਦੁਆਰਾ ਨਾਰੀ ਦੀ ਪੇਸ਼ਕਾਰੀ ਕਿਸੇ ਉਚੇਚ ਨਾਲ ਨਹੀਂ ਸਗੋਂ ਸੁਭਾਵਿਕਤਾ ਨਾਲ ਕੀਤੀ ਗਈ ਹੈ।

ISARA INSTITUTE OF MANAGEMENT & PROFESSIONAL STUDIES




RESEARCH GATEWAY







AROGYAM ONLINE

PARIVARTAN PSYCHOLOGY CENTER






**भारतीय भाषा, शिक्षा, साहित्य एवं शोध**

**ISSN 2321 – 9726**

**WWW.BHARTIYASHODH.COM**

**INTERNATIONAL RESEARCH JOURNAL OF MANAGEMENT SCIENCE & TECHNOLOGY**

**ISSN – 2250 – 1959 (0) 2348 – 9367 (P)**

**WWW.IRJMST.COM**

**INTERNATIONAL RESEARCH JOURNAL OF COMMERCE, ARTS AND SCIENCE**

**ISSN 2319 – 9202**

**WWW.CASIRJ.COM**

**INTERNATIONAL RESEARCH JOURNAL OF MANAGEMENT SOCIOLOGY & HUMANITIES**

**ISSN 2277 – 9809 (0) 2348 - 9359 (P)**

**WWW.IRJMSH.COM**

**INTERNATIONAL RESEARCH JOURNAL OF SCIENCE ENGINEERING AND TECHNOLOGY**

**ISSN 2454-3195 (online)**

**WWW.RJSET.COM**

**INTEGRATED RESEARCH JOURNAL OF MANAGEMENT, SCIENCE AND INNOVATION**

**ISSN 2582-5445**

**WWW.IRJMSI.COM**

**JOURNAL OF LEGAL STUDIES,POLITICS AND ECONOMICS RESEARCH**

**WWW.JLPER.COM**